ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19 *Issue 16 Monday, January 27, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਪੀਟਰ ਮੈਕੇਅ ਨੇ ਰਸਮੀ ਤੌਰ 'ਤੇ ਲੀਡਰਸ਼ਿਪ ਦੌੜ 'ਚ ਨਿਤਰਣ ਦਾ ਕੀਤਾ ਐਲਾਨ

ਸਟੈਲਰਟਨ, ਨੋਵਾ ਸਕੋਸ਼ੀਆ, 26 ਜਨਵਰੀ (ਪੋਸਟ ਬਿਊਰੋ) : ਸਿਆਸਤ ਤੋਂ ਚਾਰ ਸਾਲ ਤੋਂ ਵੀ ਵੱਧ ਦੇ ਵਕਫੇ ਤੋਂ ਬਾਅਦ ਸਾਬਕਾ ਕੈਬਨਿਟ ਮੰਤਰੀ ਪੀਟਰ ਮੈਕੇਅ ਵੱਲੋਂ ਰਸਮੀ ਤੌਰ ਉੱਤੇ ਫੈਡਰਲ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਨਿੱਤਰਣ ਦਾ ਐਲਾਨ ਕੀਤਾ ਗਿਆ। ਪੀਟਰ ਮੈਕੇਅ ਨੇ ਇਹ ਐਲਾਨ ਆਪਣੇ ਹੋਮਟਾਊਨ ਵਿੱਚ ਆਪਣੇ ਸਮਰਥਕਾਂ ਦਰਮਿਆਨ ਕੀਤਾ।



ਸਟੈਲਰਟਨ, ਨੋਵਾ ਸਕੋਸ਼ੀਆ ਦੇ ਮਿਊਜ਼ੀਅਮ ਆਫ ਇੰਡਸਟਰੀ ਵਿੱਚ ਮੈਕੇਅ ਨੇ ਵੱਡੇ ਕੈਨੇਡੀਅਨ ਝੰਡੇ ਤੇ ਆਪਣੇ 200 ਸਮਰਥਕਾਂ ਦਰਮਿਆਨ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਉਹ ਇਸ ਲਈ ਮੈਦਾਨ ਵਿੱਚ ਉੱਤਰੇ ਹਨ ਕਿਉਂਕਿ ਮੌਜੂਦਾ ਲਿਬਰਲ ਸਰਕਾਰ ਕੈਨੇਡੀਅਨਾਂ ਦੀਆਂ ਜ਼ਿੰਦਗੀਆਂ ਹੋਰ ਮੁਸ਼ਕਲ ਬਣਾ ਰਹੀ ਹੈ। ਇਸ ਲਈ ਉਹ ਕਿਨਾਰੇ ਉੱਤੇ ਖੜ੍ਹੇ ਹੋ ਕੇ ਇਹ ਸੱਭ ਵੇਖਦਿਆਂ ਹੋਇਆਂ ਇਹ ਆਸ ਨਹੀਂ ਕਰ ਸਕਦੇ ਕਿ ਕੋਈ ਹੋਰ ਆ ਕੇ ਇਸ ਸੱਭ ਨੂੰ ਸੰਵਾਰੇਗਾ।

ਮੈਕੇਅ ਨੇ ਇੱਕਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਉਹ ਇੱਥੇ ਕੈਨੇਡੀਅਨਾਂ ਲਈ ਸਟੈਂਡ ਲੈਣ, ਦੇਸ਼ ਨੂੰ ਇੱਕਜੁੱਟ ਕਰਨ ਤੇ ਕੈਨੇਡੀਅਨਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਆਏ ਹਨ। 23 ਮਿੰਟ ਚੱਲੇ ਭਾਸ਼ਣ ਵਿੱਚ ਮੈਕੇਅ ਨੇ ਸਾਬਕਾ ਰੱਖਿਆ ਮੰਤਰੀ ਵਜੋਂ ਆਪਣੇ ਤਜ਼ਰਬੇ ਸਾਂਝੇ ਕੀਤੇ ਤੇ ਦੁਨੀਆ ਦੇ ਨਕਸ਼ੇ ਉੱਤੇ ਕੈਨੇਡਾ ਦਾ ਮੁਕਾਮ ਬਣਾਉਣ ਵਾਲੀ ਲੀਡਰਸ਼ਿਪ ਨੂੰ ਲਿਆਉਣ ਦੀ ਲੋੜ ਉੱਤੇ ਜ਼ੋਰ ਦਿੱਤਾ। ਉਨ੍ਹਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਚੋਭ ਕੱਸਦਿਆਂ ਆਖਿਆ ਕਿ ਦੁਨੀਆ ਦੇ ਮੰਚ ਉੱਤੇ ਲੀਡਰਸ਼ਿਪ ਕੈਨੇਡਾ ਦੇ ਹਿਤਾਂ ਨੂੰ ਮੁੱਖ ਰੱਖਕੇ ਸੰਜੀਦਾ ਡਿਪਲੋਮੈਸੀ ਰਾਹੀਂ ਚਲਾਈ ਜਾਣੀ ਚਾਹੀਦੀ ਹੈ ਨਾ ਕਿ ਫੋਟੋਆਂ ਖਿਚਵਾ ਕੇ ਤੇ ਸੈਲਫੀਆਂ ਪਾ ਕੇ ਡੰਗ ਟਪਾਉਣਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਛੋਛੇਬਾਜ਼ੀਆਂ ਨਾਲ ਕੈਨੇਡੀਅਨਾਂ ਦਾ ਕੋਈ ਭਲਾ ਨਹੀਂ ਹੋਣ ਵਾਲਾ।

ਇੱਥੇ ਦੱਸਣਾ ਬਣਦਾ ਹੈ ਕਿ ਮੈਕੇਅ ਨੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਅਗਵਾਈ ਵਾਲੀ ਸਰਕਾਰ ਵਿੱਚ ਕਈ ਅਹਿਮ ਅਹੁਦਿਆਂ ਉੱਤੇ ਕੰਮ ਕੀਤਾ। ਇਸ ਤੋਂ ਇਲਾਵਾ 2003 ਵਿੱਚ ਜਦੋਂ ਕੈਨੇਡੀਅਨ ਅਲਾਇੰਸ ਨਾਲ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦਾ ਰਲੇਵਾਂ ਹੋਇਆ ਤਾਂ ਉਹ ਪੀਸੀ ਪਾਰਟੀ ਦੇ ਆਗੂ ਸਨ। ...ਬਾਕੀ ਪੰਨਾ 6 'ਤੇ

# ਮਿਸੀਸਾਗਾ ਵਿੱਚ ਕਾਉਂਸਲਰ ਕੈਂਪ 29 ਫਰਵਰੀ ਨੂੰ




ਟੋਰਾਂਟੋ, 26 ਜਨਵਰੀ (ਪੋਸਟ ਬਿਊਰੋ) : ਕਾਉਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਇੰਡੋ ਕੈਨੇਡੀਅਨ ਤੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਰਾਬਤਾ ਕਾਇਮ ਕਰਨ ਲਈ ਕਾਉਂਸਲੇਟ ਵੱਲੋਂ ਜੀਟੀਏ ਵਿੱਚ ਵੱਖ ਵੱਖ ਥਾਂਵਾਂ ਉੱਤੇ ਹਰ ਮਹੀਨੇ ਨਿਯਮਤ ਕਾਉਂਸਲਰ ਕੈਂਪ ਲਾਏ ਜਾਇਆ ਕਰਨਗੇ।

ਇਹ ਕੈਂਪ ਜਨਰਲ ਬ੍ਰੀਫਿੰਗ ਜਿਸ ਵਿੱਚ ਕੰਸਲਟੇਸ਼ਨ, ਵੱਖ ਵੱਖ ਸੇਵਾਵਾਂ ਜਿਵੇਂ ਕਿ ਦਸਤਾਵੇਜ਼ਾਂ ਨੂੰ ਅਟੈਸਟ ਕੀਤਾ ਜਾਣਾ, ਵੀਜ਼ਾ ਅਰਜ਼ੀਆਂ, ਪਾਸਪੋਰਟ ਅਰਜ਼ੀਆਂ, ਪੀਸੀਸੀ, ਸਰੈਂਡਰ ਸਰਟੀਫਿਕੇਟ, ਓਸੀਆਈ ਅਰਜ਼ੀਆਂ, ਪੀਸੀਸੀ ਆਦਿ ਮੁਹੱਈਆ ਕਰਵਾਈਆਂ ਜਾਣਗੀਆਂ। ਅਜਿਹਾ ਸਾਰਾ ਕੰਮ ਲੋੜੀਂਦੇ ਦਸਤਾਵੇਜ਼ਾਂ ਰਾਹੀਂ ਕੈਂਪਾਂ ਵਿੱਚ ਹੀ ਫੀਸ ਦੇ ਕੇ ਕਰਵਾਇਆ ਜਾ ਸਕੇਗਾ।

ਇਸ ਸੱਭ ਲਈ ਕਾਉਂਸਲੇਟ ਵੱਲੋਂ ਸਾਲ 2020 ਵਿੱਚ ਦੂਜਾ ਅਜਿਹਾ ਕਾਉਂਸਲਰ ਕੈਂਪ ਮਿਸੀਸਾਗਾ ਵਿੱਚ ਲਾਇਆ ਜਾ ਰਿਹਾ ਹੈ। ਇੱਥੇ ਭਾਰਤੀ ਮੂਲ ਦੇ ਮੈਂਬਰ ਵੱਡੀ ਗਿਣਤੀ ਵਿੱਚ ਰਹਿੰਦੇ ਹਨ। ਇਹ ਕੈਂਪ 29 ਫਰਵਰੀ 2020 ਸਵੇਰੇ 10:00 ਵਜੇ ਤੋਂ ਦੁਪਹਿਰ ਦੇ 2:00 ਵਜੇ ਤੱਕ ਹਿੰਦੂ ਹੈਰੀਟੇਜ ਸੈਂਟਰ, 6300 ਮਿਸੀਸਾਗਾ ਰੋਡ, ਮਿਸੀਸਾਗਾ, ਓਨ ਐਲ5ਐਨ 1ਏ7 ਵਿਖੇ ਲਾਇਆ ਜਾਵੇਗਾ। ਇਸ ਤਰ੍ਹਾਂ ਦੇ ਹੀ ਹੋਰ ਕੈਂਪਾਂ ਬਾਰੇ ਵੇਰਵੇ ਆਉਣ ਵਾਲੇ ਸਮੇਂ ਵਿੱਚ ਨਾਲ ਦੀ ਨਾਲ ਐਲਾਨੇ ਜਾਇਆ ਕਰਨਗੇ ਤੇ ਕਾਉਂਸਲੇਟ ਦੀ ਵੈੱਬਸਾਈਟ ਤੇ ਮੀਡੀਆ ਅਤੇ ਕਮਿਊਨਿਟੀ ਆਰਗੇਨਾਈਜੇਸ਼ਨਜ਼ ਰਾਹੀਂ ਵੀ ਇਨ੍ਹਾਂ ਦਾ ਪ੍ਰਚਾਰ ਕੀਤਾ ਜਾਵੇਗਾ।

ਇਸ ਤਰ੍ਹਾਂ ਦੇ ਕਾਉਂਸਲਰ ਕੈਂਪ ਅਤੀਤ ਵਿੱਚ ਵੀ ਕਾਉਂਸਲੇਟ ਵੱਲੋਂ ਆਯੋਜਿਤ ਕੀਤੇ ਜਾਂਦੇ ਰਹੇ ਹਨ। ਅਜਿਹਾ ਹੀ ਇੱਕ ਕੈਂਪ 18 ਜਨਵਰੀ 2020 ਨੂੰ ਨਾਨਕਸਰ ਗੁਰਦੁਆਰਾ ਸਾਹਿਬ, ਬਰੈਂਪਟਨ ਵਿੱਚ ਲਾਇਆ ਗਿਆ ਸੀ। ਅਜਿਹਾ ਕਰਕੇ ਕਾਉਂਸਲੇਟ ਕਮਿਊਨਿਟੀ ਨੂੰ ਘਰ ਬੈਠਿਆਂ ਹੀ ਸੇਵਾਵਾਂ ਮੁਹੱਈਆ ਕਰਵਾ ਰਹੀ ਹੈ। ਕਮਿਊਨਿਟੀ ਵੱਲੋਂ ਵੀ ਕਾਉਂਸਲੇਟ ਦੀਆਂ ਅਜਿਹੀਆਂ ਸੇਵਾਵਾਂ ਲਈ ਖੂਬ ਪ੍ਰਸ਼ੰਸਾ ਕੀਤੀ ਜਾ ਰਹੀ ਹੈ। 29 ਫਰਵਰੀ 2020 ਦਿਨ ਸ਼ਨਿੱਚਰਵਾਰ ਨੂੰ ਲਗਾਏ ਜਾ ਰਹੇ ਇਸ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ ਲਈ ਕਾਉਂਸਲੇਟ ਵੱਲੋਂ ਇੰਡੋ ਕੈਨੇਡੀਅਨ ਤੇ ਭਾਰਤੀ ਕਮਿਊਨਿਟੀ ਦੇ ਮੈਂਬਰਾਂ ਨੂੰ ਅਪੀਲ ਕੀਤੀ ਜਾ ਰਹੀ ਹੈ।

# ਓਨਟਾਰੀਓ ਸਰਕਾਰ ਵੱਲੋਂ ਐਲਾਨੇ ਫੰਡਾਂ ਦਾ ਸਿਟੀ ਆਫ ਬਰੈਂਪਟਨ ਵੱਲੋਂ ਸਵਾਗਤ

ਬਰੈਂਪਟਨ, 26 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਕਮਿਊਨਿਟੀ ਦੀ ਸੇਫਟੀ ਤੇ ਜੁਰਮ ਦੀ ਰੋਕਥਾਮ ਲਈ ਪੀਲ ਰੀਜਨਲ ਪੁਲਿਸ ਵਾਸਤੇ ਐਲਾਨੇ ਗਏ 20.5 ਮਿਲੀਅਨ ਡਾਲਰ ਦਾ ਸਿਟੀ ਆਫ ਬਰੈਂਪਟਨ ਵੱਲੋਂ ਸਵਾਗਤ ਕੀਤਾ ਗਿਆ ਹੈ। ਇਹ ਰਕਮ ਕਮਿਊਨਿਟੀ ਸੇਫਟੀ ਸਬੰਧੀ ਪਹਿਲਕਦਮੀਆਂ ਨੂੰ ਹੋਰ ਮਜ਼ਬੂਤ ਕਰਨ ਲਈ ਐਲਾਨੀ ਗਈ ਹੈ। ...ਬਾਕੀ ਪੰਨਾ 6 'ਤੇ




Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL
ਕਸਟਮ ਮੇਡ ਘਰ
ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ
ਲੀਗਲ ਬੇਸਮੈਂਟ
COMMERCIAL
New store design & build
Lease hold Improvements
Medical, offices, retail, restaurants & salon
FAST TRACK PERMIT & CONSTRUCTION
437.219.5009
info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Each Mortgage Centre Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker | Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Dzcoration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਰੌਨ ਚੱਠਾ ਪੀਲ ਪੁਲੀਸ ਬੋਰਡ ਦਾ ਨਵਾਂ ਚੇਅਰ ਨਿਯੁਕਤ

## ਮੈਂ ਕੁੱਝ ਸਾਰਥਕ ਕਰਨ ਲਈ ਆਸਵੰਦ ਹਾਂ : ਚੱਠਾ

ਮਿਸੀਸਾਗਾ ਪੋਸਟ ਬਿਊਰੋ: ਪੀਲ ਰੀਜਨਲ ਪੁਲੀਸ ਸਰਵਿਸ ਬੋਰਡ ਵੱਲੋਂ 24 ਜਨਵਰੀ 2020 ਨੂੰ ਆਪਣੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਸਥਾਨਕ ਪੰਜਾਬੀ ਭਾਈਚਾਰੇ ਦੀ ਸਰਗਰਮ ਸਖ਼ਸ਼ਿਅਤ ਅਤੇ ਬੋਰਡ ਦੇ ਵਰਤਮਾਨ ਵਾਈਸ ਚੇਅਰ ਰੌਨ ਚੱਠਾ ਨੂੰ ਨਵਾਂ ਚੇਅਰ ਚੁਣਿਆ ਹੈ। ਪੰਜਾਬੀ ਪੋਸਟ ਨਾਲ ਗੱਲਬਾਤ ਕਰਦੇ ਹੋਏ ਰੌਨ ਚੱਠਾ ਨੇ ਆਖਿਆ ਕਿ ਬੇਸ਼ੱਕ ਉਹਨਾਂ ਕੋਲ ਪੀਲ ਬੋਰਡ ਉੱਤੇ ਕੰਮ ਕਰਨ ਦਾ ਸਿਰਫ਼ ਇੱਕ ਸਾਲ ਦਾ ਹੀ ਤਜੁਰਬਾ ਹੈ ਪਰ ਪੀਲ ਚਿਲਡਰਨ ਏਡ ਫਾਊਂਡੇਸ਼ਨ ਦੇ ਮੈਂਬਰ, ਬਰੈਂਪਟਨ ਦੀ ਸਕੂਲ ਟਰੈਫਿਕ ਸੇਫਟੀ ਕਮੇਟੀ ਦੇ ਮੈਂਬਰ ਅਤੇ ਸਿਟੀ ਆਫ ਬਰੈਂਪਟਨ ਦੀ ਕਮੇਟੀ ਆਫ ਅਡਜਸਟਮੈਂਟ ਦੇ ਵਾਈਸ ਚੇਅਰ ਵਜੋਂ ਉਹ ਕਮਿਊਨਿਟੀ ਵਿੱਚ ਲਗਾਤਾਰ ਯੋਗਦਾਨ ਪਾਉਂਦੇ ਆਏ ਹਨ। ਇਹ ਪਰੀਪੇਖ ਤੋਂ ਉਹ ਆਪਣੇ ਪੁਲੀਸ ਬੋਰਡ ਵਿੱਚ ਰੋਲ ਨੂੰ ਇੱਕ ਅਵਸਰ ਵਜੋਂ ਵੇਖਦੇ ਹਨ।

ਰੌਨ ਚੱਠਾ ਨੇ ਆਖਿਆ ਕਿ ਇਸ ਵੇਲੇ ਪੀਲ ਪੁਲੀਸ ਮੁਖੀ ਅਤੇ ਪੁਲੀਸ ਬੋਰਡ ਦਰਮਿਆਨ ਬਹੁਤ ਹੀ ਲਾਜਵਾਬ ਕਿਸਮ ਦਾ ਤਾਲਮੇਲ ਹੈ



ਜਿਸਦੇ ਨਤੀਜੇ ਨਿੱਤ ਦਿਨ ਵੇਖਣ ਨੂੰ ਮਿਲਦੇ ਹਨ। ਪੀਲ ਰੀਜਨ ਵਿੱਚ ਹਿੰਸਾਂ ਦੇ ਵੱਧ ਰਹੇ ਰੁਝਾਨ ਬਾਰੇ ਉਹਨਾਂ ਕਿਹਾ ਕਿ 35 ਨਵੇਂ ਪੁਲੀਸ ਅਫ਼ਸਰਾਂ ਦਾ ਭਰਤੀ ਕੀਤੇ ਜਾਣਾ ਇਸ ਦਿਸ਼ਾ ਵਿੱਚ ਚੁੱਕਿਆ ਗਿਆ ਸਹੀ ਕਦਮ ਹੈ। ਪੀਲ ਪੁਲੀਸ ਨੂੰ ਹਾਲ ਵਿੱਚ ਹੀ ਮਿਲੀ 20.5 ਮਿਲੀਅਨ ਰਾਸ਼ੀ ਦਾ ਸੁਆਗਤ ਕਰਦੇ ਉਹਨਾਂ ਕਿਹਾ ਕਿ ਪੀਲ ਪੁਲੀਸ ਹਿੰਸਾ ਦੇ ਰੁਝਾਨ ਨੂੰ ਕਾਬੂ ਕਰਨ ਲਈ ਵਚਨਬੱਧ ਹੈ।

ਬੀਤੇ ਦਿਨੀਂ ਪੀਲ ਰੀਜਨ ਵਿੱਚ ਮਾਨਸਿਕ ਸਿਹਤ ਤੋਂ ਪੀੜਤਾਂ ਵੱਲੋਂ ਪੁਲੀਸ ਨੂੰ ਐਮਰਜੰਸੀ ਫੋਨ ਕਾਲਾਂ ਕੀਤੀਆਂ ਜਾਣੀਆਂ ਇੱਕ ਵੱਡਾ ਮਸਲਾ ਹੈ ਜਿਸ ਨੂੰ ਸਿੱਝਣ ਲਈ ਸਪੈਸ਼ਨ ਨਰਸਿੰਗ ਸਟਾਫ ਅਤੇ ਪੁਲੀਸ ਅਫ਼ਸਰ ਨਾਲ ਲੈਣ ਵੈਨ ਦਾ ਇੰਤਜ਼ਾਮ ਕੀਤਾ ਗਿਆ ਹੈ ਪਰ ਇਸ ਸੇਵਾ ਨੂੰ ਮੌਜੂਦ ਸਾਧਨਾ ਦੇ ਮੱਦੇਨਜ਼ਰ ਹੋਰ ਮਜ਼ਬੂਤ ਕਰਨ ਵੱਲ ਧਿਆਨ ਦਿੱਤਾ ਜਾਵੇਗਾ।

ਰੌਨ ਚੱਠਾ ਮੁਤਾਬਕ ਪੁਲੀਸ ਬੋਰਡ ਅਗਲੇ ਦਿਨਾਂ ਵਿੱਚ ਫੈਸਲਾ ਕਰੇਗਾ ਕਿ ਪੁਲੀਸ ਫੋਰਸ ਨੂੰ ਕੁੱਲ ਕਿੰਨੇ ਡਿਪਟੀ ਚੀਫਾਂ ਦੀ ਲੋੜ ਹੈ ਅਤੇ ਉਸ ਲੋੜ ਨੂੰ ਪੂਰਾ ਕਰਨ ਲਈ ਕਦਮ ਚੁੱਕੇ ਜਾਣਗੇ। ਇਸ ਵਕਤ ਪੀਲ ਪੁਲੀਸ ਵਿੱਚ 4 ਡਿਪਟੀ ਹਨ।

ਆਪਣੀ ਨਿਯੁਕਤੀ ਬਾਰੇ ਗੱਲ ਕਰਦੇ ਉਹਨਾਂ ਕਿਹਾ ਕਿ ਸਮੁੱਚੇ ਬੋਰਡ ਨੇ ਉਸਦੀ ਲੀਡਰਸ਼ਿੱਪ ਵਿੱਚ ਭਰੋਸਾ ਜ਼ਾਹਰ ਕੀਤਾ ਅਤੇ ਇਹ ਨਿਯੁਕਤੀ ਕਿਸੇ ਸਿਆਸੀ ਪ੍ਰਭਾਵ ਤੋਂ ਮੁਕਤ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

OPEN HOUSE On Feb 2nd From 2:00 to 4:00 pm
DOON SOUTH - KITCHENER
" 4 BEDROOM HOME"
SEPARATE ENTRANCE TO BASEMENT
Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contemporary floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
Call Joseph today 519-575-2777

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7" baseboards ad large casings, the 9" main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. Call Joseph today 519-575-2777

IN - LAW SUITE
"BEAUTIFUL BUNGALOW 3/4 ACRE LOT IN-LAW SUITE"
1700 sqft Bungalow sitting on almost 3/4 of an acre beside kitchener. Minutes to 401. This bungalow has 3+1 bedrooms with a in law suite in basement that is a full basement walk out. The double door foyer is warm and inviting to enter th house. Upon entering is the former dining room plus former living room with the gas fireplace. Then you will enter the kitchen which is open to the 4 season sunroom with gas fireplace. This sunroom looks upon the conservation/ green space behind the home. 3 bedroom + 3 bathrooms home. No neighbours behind just trees. 3 bedrooms + 3 bathrooms on main floor plus laundry. In the basement is in- law suite with 2nd kitchen, 2 bedrooms, large family room with wet bar. Double attached garage plus a double detached garage and drive way holds 12 cars. Incredible views and beautiful lot. Great for large or multiple families.Asking $899,000.
Call Joseph today 519-575-2777

IN - LAW SUITE 2018
Gated Executive Community Large Custom Built Bungalow
OPEN HOUSE On Feb 2nd From 2:00 to 4:00 pm
"EXECUTIVE LARGE FAMILY HOME IN-LAW SUITE"
This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000. Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018
**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਕਾਂਗਰਸ ਅੰਦਰ ਭੜਾਸ ਆ ਵਧੀ ਜਾਂਦੀ,
ਵਾਰੋ-ਵਾਰੀ ਕਈ ਰਹੇ ਹਨ ਬੋਲ ਮੀਆਂ।
ਕੁਸਕਦੇ ਨਹੀਂ ਕਪਤਾਨ ਦੇ ਕਦੇ ਮੂਹਰੇ,
ਦਰਦ ਬਾਹਰ ਹੀ ਰਹੇ ਹਨ ਫੋਲ ਮੀਆਂ।
ਦਿੱਲੀ ਵੱਲ ਦੀ ਕੋਈ ਆ ਦੌੜ ਲਾਉਂਦਾ,
ਮੁੜੀ ਆਂਵਦਾ ਵਿੱਸ ਜਿਹੀ ਘੋਲ ਮੀਆਂ।
ਪੱਤਰਕਾਰ ਵੀ ਕੋਈ-ਕੋਈ ਸੱਦ ਲੈਂਦਾ,
ਫਾਈਲਾਂ ਖੋਲ੍ਹ ਲੈਂਦਾ ਉਨ੍ਹਾਂ ਕੋਲ ਮੀਆਂ।
ਧੁਖਦੀ ਧੂਣੀ ਕੁਝ ਜਾਪਦੀ ਪਾਰਟੀ 'ਚ,
ਧੂੰਆਂ ਨਿਕਲਦਾ ਰਿਹਾ ਹੈ ਦਿੱਸ ਮੀਆਂ।
ਜੀਹਨੂੰ ਪੁੱਛਿਆ ਹਾਲ ਕੀ ਦੱਸ ਸੱਜਣ,
ਫੋੜੇ ਵਾਂਗ ਉਹ ਪੈਂਦਾ ਹੈ ਫਿੱਸ ਮੀਆਂ।

**ਤੀਸ ਮਾਰ ਖਾਂ**

# ਦਿੱਲੀ ਵਿਧਾਨ ਸਭਾ ਚੋਣਾਂ ਨੂੰ ਭਾਰਤ-ਪਾਕਿ ਮੈਚ ਕਹਿ ਕੇ ਫਸਿਆ ਕਪਿਲ ਮਿਸ਼ਰਾ

### * ਭਾਜਪਾ ਉਮੀਦਵਾਰ ਉੱਤੇ ਚੋਣ ਕਮਿਸ਼ਨ ਵੱਲੋਂ ਕੇਸ ਦਰਜ

ਨਵੀਂ ਦਿੱਲੀ, 26 ਜਨਵਰੀ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਨੂੰ ਭਾਰਤ-ਪਾਕਿਸਤਾਨ ਮੈਚ ਦੱਸ ਕੇ ਭਾਜਪਾ ਨੇਤਾ ਕਪਿਲ ਮਿਸ਼ਰਾ ਫਸ ਗਏ ਹਨ। ਚੋਣ ਕਮਿਸ਼ਨ ਨੇ ਦਿੱਲੀ ਪੁਲਸ ਨੂੰ ਕਪਿਲ ਵਿਰੁੱਧ ਕੇਸ ਦਰਜ ਕਰਨ ਨੂੰ ਕਿਹਾ ਹੈ। ਇਸ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਟਵੀਟ ਡਿਲੀਟ ਕਰਨ ਦਾ ਆਦੇਸ਼ ਦਿੱਤਾ ਸੀ। ਸਾਲ 2017 ਤਕ ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਵਿੱਚ ਪਾਣੀ ਬਾਰੇ ਮੰਤਰੀ ਰਹਿ ਚੁੱਕੇ ਅਤੇ ਪਾਰਟੀ ਵਿੱਚੋਂ ਕੱਢੇ ਜਾਣ ਉੱਤੇ ਭਾਜਪਾ ਵਿੱਚ ਸ਼ਾਮਲ ਹੋਏ ਕਪਿਲ ਮਿਸ਼ਰਾ ਇਸ ਵੇਲੇ ਦਿੱਲੀ ਦੀ ਮਾਡਲ ਟਾਊਨ ਸੀਟ ਤੋਂ ਭਾਜਪਾ ਉਮੀਦਵਾਰ ਹਨ। ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਲੱਗੇ ਧਰਨੇ ਕਾਰਨ ਸ਼ਾਹੀਨ ਬਾਗ ਨੂੰ 'ਮਿੰਨੀ ਪਾਕਿਸਤਾਨ' ਅਤੇ ਦਿੱਲੀ ਵਿਧਾਨ ਸਭਾ ਚੋਣਾਂ ਨੂੰ ਭਾਰਤ-ਪਾਕਿ ਮੁਕਾਬਲਾ ਕਹਿਣ ਵਾਲੇ ਕਪਿਲ ਮਿਸ਼ਰਾ ਆਪਣੇ ਬਿਆਨਾਂ ਤੋਂ ਪਿੱਛੇ ਹਟਣ ਨੂੰ ਤਿਆਰ ਨਹੀਂ ਸਨ। ਅੱਜ ਸ਼ੁੱਕਰਵਾਰ ਚੋਣ ਕਮਿਸ਼ਨ ਦਾ ਨੋਟਿਸ ਮਿਲਣ ਪਿੱਛੋਂ ਕਪਿਲ ਮਿਸ਼ਰਾ ਨੇ ਕਿਹਾ ਕਿ ਉਨ੍ਹਾਂ ਨੇ ਜੋ ਕਿਹਾ, ਸੱਚ ਕਿਹਾ ਹੈ ਤੇ ਉਹ ਇਸ ਉੱਤੇ ਕਾਇਮ ਹਨ। ਉਨ੍ਹਾਂ ਕਿਹਾ ਕਿ ਮੈਨੂੰ ਨਹੀਂ ਲਗਦਾ ਕਿ ਮੈਂ ਕੁਝ ਗਲਤ ਬੋਲਿਆ ਹੈ, ਸੱਚ ਬੋਲਣਾ ਇਸ ਦੇਸ਼ ਵਿੱਚ ਜੁਰਮ ਨਹੀਂ ਹੈ, ਮੈਂ ਸੱਚ ਬੋਲਿਆ ਹੈ।



ਇਸ ਮੌਕੇ ਕਪਿਲ ਮਿਸ਼ਰਾ ਨੇ ਪ੍ਰਦਰਸ਼ਨ ਕਰਦੇ ਲੋਕਾਂ ਦਾ ਸਮਰਥਨ ਕਰ ਰਹੇ ਨੇ ਦਿੱਲੀ ਦੇ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਉੱਤੇ ਵੀ ਨਿਸ਼ਨਾ ਸੇਧਿਆ। ਸ਼ਾਹੀਨ ਬਾਗ ਨੂੰ 'ਮਿੰਨੀ ਪਾਕਿਸਤਾਨ' ਕਹਿਣ ਵਾਲੇ ਆਪਣੇ ਬਿਆਨ ਦੀ ਕਪਿਲ ਮਿਸ਼ਰਾ ਨੇ ਸਫਾਈ ਦਿੱਤੀ ਕਿ ਸੜਕ ਉੱਤੇ ਕਬਜ਼ਾ ਕੀਤਾ ਗਿਆ ਹੈ, ਲੋਕਾਂ ਨੂੰ ਸਕੂਲ, ਦਫਤਰ, ਹਸਪਤਾਲ ਨਹੀਂ ਜਾਣ ਦਿੱਤਾ ਜਾ ਰਿਹਾ। ਜਿਸ ਬੇਸ਼ਰਮੀ ਨਾਲ ਮਨੀਸ਼ ਸਿਸੋਦੀਆ ਉਸ ਪ੍ਰਦਰਸ਼ਨ ਦਾ ਸਮਰਥਨ ਕਰਦੇ ਹਨ, ਮੈਂ ਮੰਨਦਾ ਹਾਂ ਕਿ ਇਹ ਰਾਜਨੀਤੀ ਤੋਂ ਪ੍ਰੇਰਤ ਹੈ।

ਬੀਤੇ ਵੀਰਵਾਰ ਕਪਿਲ ਮਿਸ਼ਰਾ ਨੇ ਕਿਹਾ ਸੀ, '8 ਫਰਵਰੀ ਨੂੰ ਦਿੱਲੀ ਵਿੱਚ ਭਾਰਤ ਬਨਾਮ ਪਾਕਿਸਤਾਨ ਹੋਵੇਗਾ। ਅੱਠ ਫਰਵਰੀ ਨੂੰ ਦਿੱਲੀ ਦੀਆਂ ਸੜਕਾਂ ਉੱਤੇ ਹਿੰਦੁਸਤਾਨ ਅਤੇ ਪਾਕਿਸਤਾਨ ਦਾ ਮੁਕਬਲਾ ਹੋਵੇਗਾ।' ਇਹੀ ਨਹੀਂ, ਕਪਿਲ ਮਿਸ਼ਰਾ ਨੇ ਸ਼ਾਹੀਨ ਬਾਗ ਨੂੰ 'ਮਿੰਨੀ ਪਾਕਿਸਤਾਨ' ਵੀ ਕਿਹਾ ਸੀ। ਅੱਜ ਇਸ ਬਿਆਨ ਦੇ ਕਾਰਨ ਚੋਣ ਕਮਿਸ਼ਨ ਦੇ ਹੁਕਮ ਉੱਤੇ ਕਪਿਲ ਮਿਸ਼ਰਾ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਦਿੱਲੀ ਵਿਧਾਨ ਸਭਾ ਚੋਣਾਂ: ਅਕਾਲੀ ਦਲ ਕਿਸੇ ਧਿਰ ਨਾਲ ਖੜੋਣ ਦਾ ਫੈਸਲਾ ਨਹੀਂ ਲੈ ਸਕਿਆ

### * ਭਾਜਪਾ ਦਾ ਸਾਥ ਦੇਣ ਜਾਂ ਨਾ ਦੇਣ ਬਾਰੇ ਆਗੂ ਖਹਿਬੜ ਪਏ
### * ਹਾਈ ਕਮਾਨ ਉੱਤੇ ਫੈਸਲਾ ਛੱਡ ਦਿੱਤਾ ਗਿਆ

ਨਵੀਂ ਦਿੱਲੀ, 26 ਜਨਵਰੀ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਕਿਸੇ ਧਿਰ ਦੀ ਮਦਦ ਕਰਨ ਦਾ ਫੈਸਲਾ ਲੈਣ ਲਈ ਅਕਾਲੀ ਦਲ ਦੀ ਮੀਟਿੰਗ ਕਿਸੇ ਸਿੱਟੇ ਉੱਤੇ ਨਹੀਂ ਪਹੁੰਚ ਸਕੀ। ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਹੇਠ ਦਿੱਲੀ ਦੇ ਬਾਦਲ ਅਕਾਲੀ ਦਲ ਦੀ ਇਸ ਮੀਟਿੰਗ ਵਿੱਚ ਭਾਜਪਾ ਦਾ ਸਾਥ ਛੱਡਣ ਤੋਂ ਬਾਅਦ ਦੇ ਹਾਲਾਤ ਅਤੇ ਚੋਣਾਂ ਬਾਰੇ ਵਿਚਾਰ ਕੀਤੀ ਜਾਣੀ ਸੀ, ਪਰ ਅਕਾਲੀ ਆਗੂ ਆਪਸ ਵਿੱਚ ਹੀ ਖਹਿਬੜ ਪਏ।

ਮੀਟਿੰਗ ਖ਼ਤਮ ਹੋਣ ਤੋਂ ਬਾਅਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਭਾਜਪਾ ਨਾਲ ਅਕਾਲੀ ਦਲ ਦੇ ਗਠਜੋੜ ਬਾਰੇ ਕੋਈ ਫੈਸਲਾ ਨਹੀਂ ਹੋ ਸਕਿਆ ਤੇ ਗੱਲ ਹਾਈ ਕਮਾਨ ਉੱਤੇ ਛੱਡ ਦਿੱਤੀ ਗਈ ਹੈ। ਜਾਣਕਾਰ ਸੂਤਰਾਂ ਮੁਤਾਬਕ ਇਸ ਮੀਟਿੰਗ ਵਿੱਚ



ਸੀਨੀਅਰ ਅਕਾਲੀ ਆਗੂ ਆਪੋ ਵਿੱਚ ਭਿੜ ਗਏ ਤੇ ਭਾਜਪਾ ਦੀ ਮਦਦ ਕਰਨ ਜਾਂ ਨਾ ਕਰਨ ਬਾਰੇ ਜ਼ੋਰ ਪਾਉਣ ਲੱਗ ਪਏ। ਪਤਾ ਲੱਗਾ ਹੈ ਕਿ ਕੁਝ ਮੈਂਬਰ ਕਹਿੰਦੇ ਸਨ ਕਿ ਇਨ੍ਹਾਂ ਚੋਣਾਂ ਬਾਰੇ ਹਰ ਫੈਸਲੇ ਦਾ ਅਸਰ ਅਗਲੇ ਸਾਲ ਹੋਣ ਵਾਲੀਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਉੱਤੇ ਵੀ ਪਵੇਗਾ, ਇਸ ਲਈ ਭਾਜਪਾ ਨਾਲ ਖੜੇ ਨਹੀਂ ਹੋਣਾ ਚਾਹੀਦਾ।

ਵਰਨਣ ਯੋਗ ਹੈ ਕਿ ਅਗਲੀ 8 ਫਰਵਰੀ ਨੂੰ ਦਿਲੀ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜਿਸ ਲਈ ਅਕਾਲੀ ਦਲ ਨੂੰ ਭਾਜਪਾ ਵੱਲੋਂ ਕੋਈ ਸੀਟ ਨਾ ਛੱਡੇ ਜਾਣ ਕਾਰਨ ਇਸ ਪਾਰਟੀ ਨੇ ਦਿੱਲੀ ਚੋਣਾਂ ਤੋਂ ਬਾਹਰ ਰਹਿਣ ਦਾ ਐਲਾਨ ਕਰ ਦਿੱਤਾ ਸੀ। ਨਵੇਂ ਹਾਲਾਤ ਵਿੱਚ ਗਠਜੋੜ ਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਅਗਵਾਈ ਵਿੱਚ ਪਾਰਟੀ ਦੀ ਕੋਰ ਕਮੇਟੀ ਮੀਟਿੰਗ ਹੋਈ ਤਾਂ ਇਸ ਦੇ ਬਾਅਦ ਅਕਾਲੀ ਦਲ ਨੇ ਸੀਨੀਅਰ ਆਗੂ ਦਲਜੀਤ ਚੀਮਾ ਸਿੰਘ ਨੇ ਦੱਸਿਆ ਸੀ ਕਿ ਦਿੱਲੀ ਵਿੱਚ ਕਿਸੇ ਪਾਰਟੀ ਨਾਲ ਗਠਜੋੜ ਕਰਨ ਦਾ ਫੈਸਲਾ ਅਕਾਲੀ ਦਲ ਦਾ ਦਿੱਲੀ ਯੂਨਿਟ ਕਰੇਗਾ, ਪਰ ਅੱਜ ਦੀ ਦਿੱਲੀ ਦੇ ਅਕਾਲੀ ਦਲ ਦੀ ਮੀਟਿੰਗ ਵਿੱਚ ਵੀ ਕੋਈ ਫੈਸਲਾ ਨਹੀਂ ਹੋ ਸਕਿਆ।

# ਗੁਰਦੁਆਰਾ ਮਸਤੂਆਣਾ ਸਾਹਿਬ ਬਾਰੇ ਅਕਾਲ ਤਖਤ ਦਾ ਪੁਰਾਣਾ ਹੁਕਮ ਲਾਗੂ ਕਰਾਉਣ ਦੀ ਮੰਗ

### * ਢੀਂਡਸਾ ਵਿਰੋਧੀਆਂ ਨੇ ਪੁਰਾਣਾ ਮੁੱਦਾ ਫਿਰ ਚੁੱਕਿਆ

ਲੌਂਗੋਵਾਲ, ਸੰਗਰੂਰ, 26 ਜਨਵਰੀ, (ਪੋਸਟ ਬਿਊਰੋ)- ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਅਤੇ ਉਸ ਦੇ ਵਿਧਾਇਕ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਤੋਂ ਸਸਪੈਂਡ ਕੀਤੇ ਜਾਣ ਮਗਰੋਂ ਇਸ ਜ਼ਿਲੇ ਦੇ ਅਕਾਲੀ ਆਗੂਆਂ ਦੀ ਖਿੱਚੋਤਾਣ ਨਵਾਂ ਰੂਪ ਧਾਰ ਗਈ ਹੈ। ਜਥੇਦਾਰ ਪ੍ਰਸ਼ੋਤਮ ਸਿੰਘ ਫੱਗੂਵਾਲਾ ਦੀ ਅਗਵਾਈ ਹੇਠ ਸਿੱਖਾਂ ਦੇ ਇਕ ਗਰੁੱਪ ਨੇ ਅੱਜ ਏਥੇ ਗੁਰਦੁਆਰਾ ਕੈਂਬੋਵਾਲ ਸਾਹਿਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਕੋਲ ਮਸਤੂਆਣਾ ਸਾਹਿਬ ਨੂੰ 'ਢੀਂਡਸਾ ਮੁਕਤ' ਕਰਾਉਣ ਦੀ ਮੰਗ ਰੱਖ ਦਿੱਤੀ ਹੈ।

ਅੱਜ ਏਥੇ ਪਹੁੰਚੇ ਜਥੇਦਾਰ ਪ੍ਰਸ਼ੋਤਮ ਸਿੰਘ ਫੱਗੂਵਾਲਾ ਦੀ ਅਗਵਾਈ ਵਾਲੇ ਜਥੇ ਨੇ ਪਹਿਲਾਂ ਗੁਰਦੁਆਰਾ ਸਾਹਿਬ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਦਫਤਰ ਅੱਗੇ ਧਰਨਾ ਦਿੱਤਾ ਅਤੇ ਫਿਰ ਮਸਤੂਆਣਾ ਸਾਹਿਬ ਗੁਰਦੁਆਰੇ ਨੂੰ ਢੀਂਡਸਾ ਪਰਵਾਰ ਤੋਂ ਮੁਕਤ ਕਰਵਾਉਣ ਦੀ ਮੰਗ ਕੀਤੀ। ਇਹ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੀ ਨਕਲ ਵਾਂਗ ਬਣਾਏ ਜਾਣ ਦਾ ਮੁੱਦਾ ਚੁੱਕ ਕੇ ਜਥੇਦਾਰ ਫੱਗੂਵਾਲਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਵਾਰ ਤੋਂ ਆਜ਼ਾਦ ਕਰਆਉਣ ਦੀਆਂ ਗੱਲਾਂ ਕਰਨ ਵਾਲੇ ਢੀਂਡਸਾ ਪਹਿਲਾਂ ਮਸਤੂਆਣਾ ਸਾਹਿਬ ਨੂੰ ਖੁਦ ਮੁਕਤ ਕਰਨ, ਜਿੱਥੇ ਕਰੋੜਾਂ ਰੁਪਏ ਦੇ ਘਪਲੇ ਹੋਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਉੱਤੇ ਢੀਂਡਸਾ ਪਰਿਵਾਰ ਦਾ ਦਾਬੇ ਕਾਰਨ ਉਹ ਇਸ ਗੁਰਦੁਆਰੇ ਉੱਤੇ ਕਾਬਜ਼ ਸਨ ਅਤੇ ਅਸੀਂ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਮੰਗ ਪੱਤਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਤ ਅਤਰ ਸਿੰਘ ਨੇ ਸਿੱਖਿਆ ਦੇ ਖੇਤਰ ਲਈ ਇਹ ਸੰਸਥਾ ਬਣਾਈ ਸੀ ਤੇ ਉਨ੍ਹਾਂ ਦਾ ਸੁਪਨਾ ਸੀ ਕਿ ਇਸ ਟਰੱਸਟ ਵਿਚ ਗੁਰਸਿੱਖ ਹੀ ਸ਼ਾਮਲ ਹੋਣ, ਪਰ ਇਸ ਸੰਸਥਾ ਦਾ ਇਕ ਵੀ ਗੁਰਸਿੱਖ ਟਰੱਸਟੀ ਨਹੀਂ ਅਤੇ ਇਸ ਵੱਡੇ ਬਜਟ ਵਾਲੀ ਸੰਸਥਾ ਦਾ ਕੋਈ ਹਿਸਾਬ ਕਿਤਾਬ ਵੀ ਨਹੀਂ ਹੈ।

ਜਥੇਦਾਰ ਫੱਗੂਵਾਲਾ ਕਿਹਾ ਕਿ ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਟਰੱਸਟ ਅਤੇ ਅਕਾਲ ਕਾਲਜ ਕੌਂਸਲ ਦੋ ਸੰਸਥਾਵਾਂ ਹਨ ਤੇ ਦੋਵਾਂ ਦਾ ਮੁਖੀ ਇਕੋ ਵਿਅਕਤੀ ਨਹੀਂ ਹੋ ਸਕਦਾ, ਪਰ ਸੁਖਦੇਵ ਸਿੰਘ ਢੀਂਡਸਾ ਦੋਵੇਂ ਅਹੁਦੇ ਮੱਲੀ ਬੈਠੇ ਹਨ ਤੇ ਆਪਣੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਵੀ ਨਿਯਮਾਂ ਵਿਰੁੱਧ ਇਸ ਦਾ ਟਰੱਸਟੀ ਬਣਾ ਲਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਗੁਰ ਮਰਿਯਾਦਾ ਦੇ ਉਲਟ ਇਸ ਗੁਰਦੁਆਰਾ ਸਾਹਿਬ ਤੋਂ 60 ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦ ਸੜਕ ਉੱਤੇ ਰੋਜ਼ ਵੇਚਿਆ ਜਾਂਦਾ ਹੈ। ਫੱਗੂਵਾਲਾ ਨੇ ਕਿਹਾ ਕਿ ਸਾਲ 2009 ਵਿਚ ਉਨ੍ਹਾਂ ਨੇ ਮਸਤੂਆਣਾ ਸਾਹਿਬ ਨੂੰ ਢੀਂਡਸਾ ਤੋਂ ਮੁਕਤ ਕਰਾਉਣ ਦੀ ਮੰਗ ਕੀਤੀ ਸੀ। 'ਸ਼੍ਰੋਮਣੀ ਕਮੇਟੀ ਦੋਗਲੀ ਨੀਤੀ ਬੰਦ ਕਰੇ' ਦੇ ਬੈਨਰ ਫੜ ਕੇ ਗੁਰ-ਦੁਆਰਾ ਸਾਹਿਬ ਆਏ ਇਨ੍ਹਾਂ ਲੋਕਾਂ ਨੇ ਅੱਜ ਢੀਂਡਸਾ ਦੀ ਪ੍ਰਧਾਨਗੀ ਦੇ ਮੁੱਦੇ ਦੇ ਨਾਲ ਮਸਤੂਆਣਾ ਸਾਹਿਬ ਵਿਖੇ ਬਣਦੇ ਦਰਬਾਰ ਸਾਹਿਬ ਦਾ ਮੁੱਦਾ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕੋਲ ਉਠਾਇਆ ਤੇ ਦੱਸਿਆ ਕਿ 20 ਜੂਨ 2009 ਨੂੰ ਸ੍ਰੀ ਅਕਾਲ ਤਖਤ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦਾ ਭੁਲੇਖਾ ਪਾਉਂਦੀ ਇਮਾਰਤ ਵਾਲੇ ਸਰੋਵਰ ਨੂੰ ਪੂਰ ਦਿੱਤਾ ਜਾਵੇ ਤੇ ਇਹ ਕੰਮ ਕਰਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਸੀ, ਪਰ ਸੁਖਦੇਵ ਸਿੰਘ ਢੀਂਡਸਾ ਦੀ ਰਾਜਸੀ ਪਹੁੰਚ ਕਾਰਨ 10 ਸਾਲ ਬਾਅਦ ਵੀ ਹੁਕਮਨਾਮਾ ਲਾਗੂ ਨਹੀਂ ਹੋਣ ਦਿੱਤਾ ਗਿਆ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਸ ਮੰਗ ਪੱਤਰ ਅਨੁਸਾਰ ਬੀਤੇ 40 ਸਾਲਾਂ ਤੋਂ ਇਸ ਅਸਥਾਨ ਉੱਤੇ ਕਾਬਜ਼ ਸੁਖਦੇਵ ਸਿੰਘ ਢੀਂਡਸਾ ਇਸ ਅਸਥਾਨ ਪ੍ਰਤੀ ਸਿਧਾਂਤਹੀਣ ਹਨ ਅਤੇ ਏਥੇ ਭਾਈ-ਭਤੀਜਾਵਾਦ ਤੇ ਡਿਕਟੇਟਰਸ਼ਿਪ ਚੱਲਦੀ ਹੈ, ਜਿਸ ਵਿੱਚ ਉਨ੍ਹਾਂ ਆਪਣੇ ਸਪੁੱਤਰ ਤੇ ਰਿਸ਼ਤੇਦਾਰਾਂ ਨੂੰ ਇਸ ਟਰੱਸਟ ਦਾ ਟਰੱਸਟੀ ਬਣਾ ਲਿਆ ਹੈ। ਇਸ ਅਸਥਾਨ ਬਾਰੇ ਕੇਸ ਅਦਾਲਤ ਵਿਚ ਵਿੱਚ ਬਹਿਸ ਉੱਤੇ ਲੱਗਾ ਹੋਇਆ ਹੈ ਤੇ ਸ਼੍ਰੋਮਣੀ ਕਮੇਟੀ ਪੂਰੀ ਸੁਹਿਰਦਤਾ ਨਾਲ ਇਸ ਬਾਰੇ ਆਪਣਾ ਪੱਖ ਅਦਾਲਤ ਵਿਚ ਰੱਖੇਗੀ।

## ਵਿਕਾਸ ਦੀ ਗ੍ਰਾਂਟ ਵਿੱਚ 10.50 ਲੱਖ ਰੁਪਏ ਘੋਟਾਲਾ ਕਰਨ ਲਈ ਸਾਬਕਾ ਸਰਪੰਚ ਨਾਮਜ਼ਦ

ਪਟਿਆਲਾ, 26 ਜਨਵਰੀ (ਪੋਸਟ ਬਿਊਰੋ)- ਥਾਣਾ ਘਨੌਰ ਦੇ ਪਿੰਡ ਰੁੜਕੀ ਵਿੱਚ 2013 ਤੋਂ 2018 ਤੱਕ ਸਰਪੰਚ ਰਹੀ ਬਲਵਿੰਦਰ ਕੌਰ ਨੂੰ ਵਿਕਾਸ ਲਈ ਗ੍ਰਾਂਟ ਮਿਲੀ ਸੀ। ਪ੍ਰਸ਼ਾਸਨ ਨੇ ਸੂਚਨਾ ਮੰਗੀ ਤਾਂ ਸਾਬਕਾ ਸਰਪੰਚ 10.50 ਲੱਖ ਰੁਪਏ ਗ੍ਰਾਂਟ ਦਾ ਹਿਸਾਬ ਨਹੀਂ ਦੇ ਸਕੀ। ਉਸ ਨੂੰ ਇਸ ਗ੍ਰਾਂਟ ਦੇ ਗਬਨ 'ਤੇ ਨਾਮਜ਼ਦ ਕੀਤਾ ਗਿਆ ਹੈ। ਇਸ ਦੌਰਾਨ ਜ਼ਿਲਾ ਪ੍ਰਸ਼ਾਸਨ ਨੇ ਕਈ ਵਾਰ ਬਲਵਿੰਦਰ ਕੌਰ ਨੂੰ ਬਿਆਨ ਦੇਣ ਨੂੰ ਕਿਹਾ, ਪਰ ਕੋਈ ਤਸੱਲੀ ਬਖਸ਼ ਜਵਾਬ ਨਾ ਮਿਲਣ 'ਤੇ ਕੇਸ ਦਰਜ ਕਰ ਦਿੱਤਾ ਤਾਂ ਦੋਸ਼ੀ ਫੋਨ ਬੰਦ ਕਰ ਕੇ ਘਰੋਂ ਫਰਾਰ ਹੋ ਗਏ ਹਨ। ਸਰਪੰਚ ਸੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਹੋਏ ਵਿਕਾਸ ਕੰਮਾਂ ਦੀ ਸਰਕਾਰ ਨੇ ਚੈਕਿੰਗ ਕਰਵਾਈ ਤਾਂ ਏਥੇ ਬਣੀਆਂ ਸੜਕਾਂ ਅਤੇ ਹੋਰ ਕੰਮ ਘਟੀਆ ਕੁਆਲਿਟੀ ਦੇ ਨਿਕਲੇ ਹਨ। ਸਰਕਾਰ ਵੱਲੋਂ ਮਿਲੀ ਗ੍ਰਾਂਟ ਦੀ ਸਹੀ ਵਰਤੋਂ ਨਾ ਕਰ ਕੇ ਗਬਨ ਕੀਤਾ ਗਿਆ ਹੈ। ਪਿੰਡ ਵਿੱਚ ਪਿਛਲੇ ਪੰਜ ਸਾਲ ਦੌਰਾਨ ਕਰਵਾਇਆ ਇੱਕ ਵੀ ਕੰਮ ਸਟੈਂਡਰਡ ਅਨੁਸਾਰ ਨਹੀਂ ਹੋਇਆ। ਇਸ ਦੀ ਜਾਂਚ ਵੀ ਜ਼ਿਲਾ ਪ੍ਰਸ਼ਾਸਨ ਕਰ ਰਿਹਾ ਹੈ।

# ਅਮਰੀਕਾ ਵੱਲੋਂ 'ਬਰਥ ਟੂਰਿਜ਼ਮ' ਰੋਕਣ ਲਈ ਸਖਤੀ ਦਾ ਫੈਸਲਾ

### * ਦੂਜੇ ਦੇਸ਼ਾਂ ਦੀਆਂ ਗਰਭਵਤੀ ਔਰਤਾਂ ਨੂੰ ਵੀਜ਼ਾ ਨਹੀਂ ਮਿਲੇਗਾ

ਵਾਸ਼ਿੰਗਟਨ, 26 ਜਨਵਰੀ, (ਪੋਸਟ ਬਿਊਰੋ)- ਅਮਰੀਕੀ ਸਰਕਾਰ ਨੇ ਆਪਣੇ ਦੇਸ਼ ਵਿੱਚ 'ਬਰਥ ਟੂਰਿਜ਼ਮ' ਦਾ ਚੱਕਰ ਰੋਕਣ ਦਾ ਸਖਤੀ ਦਾ ਫੈਸਲਾ ਕੀਤਾ ਹੈ। ਜਿਹੜੀਆਂ ਔਰਤਾਂ ਬੱਚਿਆਂ ਨੂੰ ਜਨਮ ਦੇਣ ਲਈ ਅਮਰੀਕਾ ਆਉਣਾ ਚਾਹੁੰਦੀਆਂ ਸਨ, ਤਾਂ ਜੋ ਉਨ੍ਹਾਂ ਦੇ ਬੱਚਿਆਂ ਨੂੰ ਏਥੇ ਹੋਏ ਜਨਮ ਦੇ ਆਧਾਰ ਉੱਤੇ ਅਮਰੀਕੀ ਪਾਸਪੋਰਟ ਮਿਲ ਸਕਣ, ਉਹ ਅੱਗੇ ਤੋਂ ਇਸ ਤਰ੍ਹਾਂ ਦੀ ਚਾਲਾਕੀ ਨਹੀਂ ਕਰ ਸਕਣਗੀਆਂ।



ਇਸ ਸੰਬੰਧ ਵਿੱਚ ਡੋਨਾਲਡ ਟਰੰਪ ਦੀ ਸਰਕਾਰ ਨੇ ਕਿਹਾ ਹੈ ਕਿ ਨਵੇਂ ਨਿਯਮ ਦੇਸ਼ ਦੀ ਸੁਰੱਖਿਆ ਨਾਲ ਸਬੰਧਤ ਹਨ ਤੇ ਇਨ੍ਹਾਂ ਨਿਯਮਾਂ ਵਿੱਚ ਬਰਥ ਟੂਰਿਜ਼ਮ ਵਰਗੀ ਅਪਰਾਧਿਕ ਸਰਗਰਮੀ ਉੱਤੇ ਪਾਬੰਦੀ ਲਾਉਣਾ ਸ਼ਾਮਲ ਹੈ। ਅਸਲ ਵਿੱਚ ਗਰਭਵਤੀ ਔਰਤਾਂ ਨੂੰ ਅਮਰੀਕਾ ਆਉਣ ਤੋਂ ਰੋਕਣ ਦੀ ਸੋਚ ਕਾਫੀ ਪਹਿਲਾਂ ਤੋਂ ਸੀ, ਜਿਸ ਨੂੰ ਟਰੰਪ ਸਰਕਾਰ ਨੇ ਲਾਗੂ ਕਰਨ ਦਾ ਰਾਹ ਫੜਿਆ ਅਤੇ ਐਲਾਨ ਕੀਤਾ ਕਿ ਦੂਸਰੇ ਦੇਸ਼ਾਂ ਦੀਆਂ ਗਰਭਵਤੀ ਔਰਤਾਂ ਨੂੰ ਵਿਜ਼ਿਟਰ ਵੀਜ਼ਾ ਨਹੀਂ ਦਿੱਤਾ ਜਾਵੇਗਾ। ਨਵਾਂ ਨਿਯਮ ਪਿੱਛੋਂ ਗਰਭਵਤੀ ਔਰਤਾਂ ਲਈ ਵਿਜ਼ਿਟਰ ਵੀਜ਼ਾ ਉੱਤੇ ਅਮਰੀਕਾ ਜਾਣਾ ਜਾਂ ਕਿਸੇ ਸਮਾਗਮ ਆਦਿ ਵਿੱਚ ਇਸ ਹਾਲ ਵਿੱਚ ਓਥੇ ਪਹੁੰਚਣਾ ਔਖਾ ਹੋ ਜਾਵੇਗਾ। ਨਵੇਂ ਕਾਨੂੰਨ ਅਨੁਸਾਰ ਗਰਭਵਤੀ ਔਰਤਾਂ ਨੂੰ ਵੀਜ਼ਾ ਲੈਣ ਲਈ ਕੌਂਸਲਰ ਅਫਸਰ ਨੂੰ ਦੱਸਣਾ ਹੋਵੇਗਾ ਕਿ ਉਨ੍ਹਾਂ ਦੇ ਅਮਰੀਕਾ ਆਉਣ ਦਾ ਕੋਈ ਹੋਰ ਮਹੱਤਵ ਪੂਰਨ ਕਾਰਨ ਹੈ।

ਵਰਨਣ ਯੋਗ ਹੈ ਕਿ ਟਰੰਪ ਸਰਕਾਰ ਸ਼ੁਰੂ ਤੋਂ ਕੁਝ ਨਾ ਕੁਝ ਇਮੀਗ੍ਰੇਸ਼ਨ ਪਾਬੰਦੀਆਂ ਲਾ ਰਹੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਜਨਮ ਦੇ ਆਧਾਰ ਉੱਤੇ ਨਾਗਰਿਕਤਾ ਦੇਣ ਦੇ ਮੁੱਦੇ ਉੱਤੇ ਸਖਤ ਰੁਖ ਹੈ, ਜਿਸ ਵਿੱਚ ਅਮਰੀਕਾ ਵਿੱਚ ਪੈਦਾ ਹੋਏ ਗੈਰ-ਅਮਰੀਕੀ ਲੋਕਾਂ ਦੇ ਬੱਚਿਆਂ ਦਾ ਨਾਗਰਿਕਤਾ ਅਧਿਕਾਰ ਬੰਦ ਕਰਨਾ ਸ਼ਾਮਲ ਹੈ। ਰੂਸ ਅਤੇ ਚੀਨ ਵਰਗੇ ਦੇਸ਼ਾਂ ਦੀਆਂ ਬਹੁਤ ਸਾਰੀਆਂ ਔਰਤਾਂ ਡਿਲਿਵਰੀ ਵੇਲੇ ਅਮਰੀਕਾ ਆਉਂਦੀਆਂ ਦੱਸੀਆਂ ਗਈਆਂ ਹਨ ਅਤੇ ਕਿਹਾ ਜਾਂਦਾ ਹੈ ਕਿ ਅਮਰੀਕਾ ਵਿੱਚ ਬਰਥ ਟੂਰਿਜ਼ਮ ਵਧ ਰਿਹਾ ਹੈ। ਅਮਰੀਕੀ ਕੰਪਨੀਆਂ ਇਸ ਦਾ ਇਸ਼ਤਿਹਾਰ ਦੇ ਕੇ ਹੋਟਲ ਕਮ-ਰਿਆਂ ਤੇ ਡਾਕਟਰੀ ਸਹੂਲਤਾਂ ਆਦਿ ਲਈ 80,000 ਤੱਕ ਲੈਂਦੀਆਂ ਹਨ। ਉਂਜ ਸਰਕਾਰ ਕੋਲ ਅੰਕੜੇ ਨਹੀਂ ਹਨ ਕਿ ਹਰ ਸਾਲ ਕਿੰਨੀਆਂ ਵਿਦੇਸ਼ੀ ਔਰਤਾਂ ਬੱਚੇ ਪੈਦਾ ਕਰਨ ਲਈ ਅਮਰੀਕਾ ਆਉਂਦੀਆਂ ਹਨ. ਪਰ ਸਖਤੀ ਦਾ ਸਮਰਥਕ ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਕਹਿੰਦਾ ਹੈ ਕਿ ਸਾਲ 2012 ਵਿਚ ਕਰੀਬ 36,000 ਵਿਦੇਸ਼ੀ ਔਰਤਾਂ ਬੱਚੇ ਨੂੰ ਜਨਮ ਦੇਣ ਲਈ ਅਮਰੀਕਾ ਆਈਆਂ ਤੇ ਵਾਪਸ ਗਈਆਂ ਸਨ। ਏਦਾਂ ਦੇ ਕੁਝ ਹੋਰ ਅਦਾਰੇ ਵੀ ਆਪਣੇ ਅੰਦਾਜ਼ੇ ਪੇਸ਼ ਕਰ ਰਹੇ ਸਨ।









# ਭਾਜਪਾ ਨੂੰ ਝਟਕਾ: ਚਾਰ ਵਾਰੀਆਂ ਦਾ ਵਿਧਾਇਕ ਪਾਰਟੀ ਛੱਡ ਕੇ ਕੇਜਰੀਵਾਲ ਨਾਲ ਜਾ ਜੁੜਿਆ



ਨਵੀਂ ਦਿੱਲੀ, 26 ਜਨਵਰੀ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਨੇਤਾ ਤੇ ਹਰੀਨਗਰ ਹਲਕੇ ਤੋਂ ਚਾਰ ਵਾਰ ਦੇ ਸਾਬਕਾ ਵਿਧਾਇਕ ਹਰਸ਼ਰਨ ਸਿੰਘ ਬੱਲੀ ਅੱਜ ਸ਼ਨੀਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਉਹ ਮਦਨ ਲਾਲ ਖੁਰਾਣਾ ਦੀ ਸਰਕਾਰ ਵਿੱਚ ਮੰਤਰੀ ਹੁੰਦੇ ਹਨ।

ਵਰਨਣ ਯੋਗ ਹੈ ਕਿ ਹਰੀਨਗਰ ਸੀਟ ਤੋਂ ਚਾਰ ਵਾਰ ਦੇ ਸਾਬਕਾ ਵਿਧਾਇਕ ਹਰਸ਼ਰਨ ਸਿੰਘ ਬੱਲੀ ਦੀ ਥਾਂ ਭਾਜਪਾ ਨੇ ਤਜਿੰਦਰ ਪਾਲ ਸਿੰਘ ਬੱਗਾ ਨੂੰ ਟਿਕਟ ਦਿੱਤੀ ਹੈ। ਇਸ ਤੋਂ ਨਰਾਜ ਬੱਲੀ ਨੇ ਪਾਰਟੀ ਛੱਡੀ ਹੈ। ਸਾਲ 1993 ਤੋਂ 2013 ਤੱਕ ਵੀਹ ਸਾਲ ਵਿਧਾਇਕ ਰਹੇ ਬੱਲੀ ਦੀ ਸੀਟ 2013 ਦੀਆਂ ਚੋਣਾਂ ਵਿੱਚ ਭਾਜਪਾ ਨੇ ਅਕਾਲੀ ਦਲ ਨੂੰ ਦੇ ਦਿੱਤੀ ਸੀ ਤੇ ਉਨ੍ਹਾਂ ਨਾਰਾਜ਼ ਹੋ ਕੇ ਕਾਂ-ਗਰਸ ਵਿੱਚ ਸ਼ਾਮਲ ਹੋ ਕੇ ਓਧਰੋਂ ਚੋਣ ਲੜੀ ਸੀ ਤੇ ਚੋਣ ਹਾਰਨ ਪਿੱਛੋਂ ਸਾਲ 2014 ਵਿੱਚ ਉਹ ਭਾਜਪਾ ਵਿੱਚ ਵਾਪਸ ਆ ਗਏ ਸਨ। ਇਸ ਵਾਰ ਫਿਰ ਉਨ੍ਹਾਂ ਦੀ ਸੀਟ ਭਾਜਪਾ ਨੇ ਜਦੋਂ ਇੱਕ ਨਵੇਂ ਬੰਦੇ ਨੂੰ ਦੇ ਦਿੱਤੀ ਤਾਂ ਉਹ ਭਾਜਪਾ ਸਾਥ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਚਲੇ ਗਏ ਹਨ।

ਇਸ ਮੌਕੇ ਹਰਸ਼ਰਨ ਸਿੰਘ ਬੱਲੀ ਨੇ ਕਿਹਾ, ਅਰਵਿੰਦ ਕੇਜਰੀਵਾਲ ਦਿੱਲੀ ਸ਼ਹਿਰ ਨੂੰ ਮਾਂ ਮੰਨ ਕੇ ਸੇਵਾ ਕਰ ਰਹੇ ਹਨ। ਜਿਵੇਂ ਉਨ੍ਹਾਂ ਨੇ ਦਿੱਲੀ ਵਿੱਚ ਸਿੱਖਿਆ, ਸਿਹਤ ਆਦਿ ਖੇਤਰਾਂ ਵਿੱਚ ਕ੍ਰਾਂਤੀ ਵਰਗਾ ਕੰਮ ਕੀਤਾ ਹੈ, ਉਸ ਦੇ ਪ੍ਰਭਾਵ ਹੇਠ ਮੈਂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਇਆ ਹਾਂ।

# ਨਾਗਰਕਿਤਾ ਸੋਧ ਕਾਨੂੰਨ ਦੇ ਖਿਲਾਫ ਰਾਜਸਥਾਨ ਵਿਧਾਨ ਸਭਾ ਨੇ 'ਸੰਕਲਪ' ਪਾਸ ਕੀਤਾ

ਜੈਪੁਰ, 26 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਬਣਾਏ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ), ਕੌਮੀ ਜਨ ਸੰਖਿਆ ਰਜਿਸਟਰ (ਐੱਨ ਪੀ ਆਰ) ਅਤੇ ਕੌਮੀ ਨਾਗਰਿਕਤਾ ਰਜਿਸਟਰ (ਐੱਨ ਆਰ ਸੀ) ਵਿਰੁੱਧ ਰਾਜਸਥਾਨ ਵਿਧਾਨ ਸਭਾ ਨੇ ਅੱਜ ਸ਼ਨੀਵਾਰ 'ਸੰਕਲਪ' ਪਾਸ ਕੀਤਾ ਹੈ। ਅਜੇ ਤਕ ਕੇਰਲ ਅਤੇ ਪੰਜਾਬ ਦੀਆਂ ਵਿਧਾਨ ਸਭਾਵਾਂ ਨੇ ਸੀ ਏ ਏ ਵਿਰੁੱਧ ਸਿਰਫ ਤਜਵੀਜ਼ ਪਾਸ ਕੀਤੀ ਸੀ, ਰਾਜਸਥਾਨ ਪਹਿਲਾ ਰਾਜ ਹੈ, ਜਿਸ ਨੇ 'ਸੰਕਲਪ' ਪਾਸ ਕਰ ਦਿੱਤਾ ਹੈ। ਇਸ ਦੇ ਪਾਸ ਹੋਣ ਤੋਂ ਬਾਅਦ ਸਦਨ ਦੀ ਕਾਰਵਾਈ 10 ਫਰਵਰੀ ਤੱਕ ਲਈ ਟਾਲ ਦਿੱਤੀ ਗਈ ਹੈ।

ਅੱਜ ਸ਼ਨਿਚਰਵਾਰ ਰਾਜਸਥਾਨ ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਪਾਰਲੀਮੈਂਟਰੀ ਕਾਰਜਾਂ ਬਾਰੇ ਮੰਤਰੀ ਸ਼ਾਂਤੀ ਧਾਰੀਵਾਲ ਨੇ ਉਕਤ ਤਿੰਨਾਂ ਮਾਮਲਿਆਂ ਵਿਰੁੱਧ 'ਸੰਕਲਪ' ਪੇਸ਼ ਕੀਤੇ ਤਾਂ ਭਾਜਪਾ ਅਤੇ ਐੱਨ ਡੀ ਏ ਗੱਠਜੋੜ ਦੇ ਵਿਧਾਇਕਾਂ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਨੇ ਸਰਕਾਰ ਦੇ ਖ਼ਿਲਾਫ਼ ਨਾਅਰੇ ਲਾਏ ਤੇ ਭਾਜਪਾ ਵਿਧਾਇਕ ਵੈੱਲ ਵਿੱਚ ਆ ਗਏ ਅਤੇ ਸੀ ਏ ਏ ਦੀ ਹਮਾਇਤ ਵਿੱਚ ਨਾਅਰੇ ਲਾਉਣ ਲੱਗੇ। 'ਸੰਕਲਪ' ਪੇਸ਼ ਕਰਦਿਆਂ ਸ਼ਾਂਤੀ ਧਾਰੀਵਾਲ ਨੇ ਕਿਹਾ ਕਿ ਸੀ ਏ ਏ ਇਸ ਦੇਸ਼ ਸੰਵਿਧਾਨ ਦੀ ਮੂਲ ਭਾਵਨਾ ਦੀ ਉਲੰਘਣਾ ਕਰਦਾ ਹੈ ਤੇ ਇਸ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖ਼ਤਰਾ ਹੋਣ ਕਾਰਨ ਦੇਸ਼ ਦੇ ਵੱਡੇ ਹਿੱਸੇ ਵਿੱਚ ਇਸ ਨਾਲ ਸਹਿਮ ਹੈ। ਉਨ੍ਹਾਂ ਕਿਹਾ ਕਿ ਐੱਨ ਆਰ ਸੀ ਅਤੇ ਐੱਨ ਪੀ ਆਰ ਇੱਕ ਤਰ੍ਹਾਂ ਸੰਵਿਧਾਨ ਦੀ ਧਾਰਾ 14 ਦੇ ਵਿਰੁੱਧ ਹਨ ਅਤੇ ਐੱਨ ਪੀ ਆਰ ਦੀਆਂ ਨਵੀਆਂ ਤਜਵੀਜ਼ਾਂ ਵਾਪਸ ਲੈਣ ਪਿੱਛੋਂ ਜਨਗਣਨਾ ਕੀਤੀ ਜਾਣੀ ਚਾਹੀਦੀ ਹੈ। ਮੰਤਰੀ ਧਾਰੀਵਾਲ ਨੇ ਕਿਹਾ ਕਿ ਇਸ ਕਾਨੂੰਨ ਦਾ ਟੀਚਾ ਧਾਰਮਿਕ ਆਧਾਰ ਉੱਤੇ ਨਾਜਾਇਜ਼ ਪਰਵਾਸੀਆਂ ਦਾ ਵੱਖਰੇਵਾਂ ਕਰਨਾ ਹੈ। ਦੇਸ਼ ਦੇ ਸੰਵਿਧਾਨ ਵਿੱਚ ਭਾਰਤ ਦਾ ਇੱਕ ਧਰਮ ਨਿਰਪੱਖ ਦੇਸ਼ ਦਰਜ ਹੋਣਾ ਸੰਵਿਧਾਨ ਦੀ ਮੁੱਢਲੀ ਵਿਸ਼ੇਸ਼ਤਾ ਹੈ, ਜਿਹੜੀ ਬਦਲੀ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਬੰਗਲਾ ਦੇਸ਼, ਪਾਕਿਸਤਾਨ ਤੇ ਅਫ਼ਗਾਨਿਸਤਾਨ ਦਾ ਜ਼ਿਕਰ ਕੀਤਾ ਹੈ, ਪਰ ਹੋਰ ਗੁਆਂਢੀ ਦੇਸ਼ਾਂ ਭੂਟਾਨ, ਸ੍ਰੀਲੰਕਾ ਤੇ ਮਿਆਂਮਾਰ ਦੀ ਇਸ ਵਿੱਚ ਕੋਈ ਤਜਵੀਜ਼ ਨਹੀਂ ਹੈ। ਇਸ ਲਈ ਕੇਂਦਰ ਸਰਕਾਰ ਨੂੰ ਇਸ ਬਾਰੇ ਸ਼ੱਕ ਦੂਰ ਕਰਨਾ ਚਾਹੀਦਾ ਹੈ।

ਬਾਅਦ ਵਿੱਚ ਬਹਿਸ ਦਾ ਜਵਾਬ ਦੇਂਦੇ ਵਕਤ ਮੰਤਰੀ ਸ਼ਾਂਤੀ ਧਾਰੀਵਾਲ ਨੇ ਕਿਹਾ ਕਿ ਬਹੁਤੇ ਲੋਕ ਦਸਤਾਵੇਜ਼ ਪੇਸ਼ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੂੰ ਅਧਿਕਾਰ ਹੈ ਕਿ ਉਹ ਕਿਸੇ ਵੀ ਕਾਨੂੰਨ ਦਾ ਵਿਰੋਧ ਕਰ ਸਕਦੀ ਹੈ। ਚਾਰ ਘੰਟੇ ਦੀ ਬਹਿਸ ਪਿੱਛੋਂ 'ਸੰਕਲਪ' ਪਾਸ ਕਰ ਦਿੱਤਾ ਗਿਆ। ਬਹਿਸ ਦੌਰਾਨ ਭਾਜਪਾ ਦੇ ਸੂਬਾ ਪ੍ਰਧਾਨ ਸਤੀਸ਼ ਪੂਨੀਆ ਨੇ ਕਿਹਾ ਕਿ ਪਾਰਲੀਮੈਂਟ ਦਾ ਪਾਸ ਕੀਤਾ ਸੀ ਏ ਏ ਕਾਨੂੰਨ ਰਾਜ ਸਰਕਾਰਾਂ ਨੇ ਲਾਗੂ ਕਰਨਾ ਪੈਣਾ ਹੈ। ਹਾਕਮ ਧਿਰ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਤੁਹਾਨੂੰ ਕੀ, ਤੁਹਾਡੇ ਫੁੱਫੜ ਨੂੰ ਵੀ ਇਹ ਕਾਨੂੰਨ ਲਾਗੂ ਕਰਨਾ ਪਵੇਗਾ।

## ਪਾਸਪੋਰਟ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਵਿਦੇਸ਼ ਮੰਤਰਾਲਾ ਰੀਨਿਊ ਕਰਾਉਣ ਦਾ ਮੈਸੇਜ ਭੇਜੇਗਾ

ਜਲੰਧਰ, 26 ਜਨਵਰੀ (ਪੋਸਟ ਬਿਊਰੋ)- ਪਾਸਪੋਰਟ ਧਾਰਕਾਂ ਦੀ ਸਹੂਲਤ ਲਈ ਇੱਕ ਵੱਡੀ ਮੁਹਿੰਮ ਦੇ ਤਹਿਤ ਕੇਂਦਰੀ ਵਿਦੇਸ਼ ਮੰਤਰਾਲਾ ਉਨ੍ਹਾਂ ਨੂੰ ਉਨ੍ਹਾਂ ਦੇ ਪਾਸਪੋਰਟ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਨੌਵੇਂ ਅਤੇ ਸੱਤਵੇਂ ਮਹੀਨੇ ਐਸ ਐਮ ਐਸ ਭੇਜ ਕੇ ਪਾਸਪੋਰਟ ਨੂੰ ਰੀਨਿਊ ਕਰਵਾਉਣ ਬਾਰੇ ਸੁਚੇਤ ਕਰੇਗਾ। ਖੇਤਰੀ ਪਾਸਪੋਰਟ ਅਧਿਕਾਰੀ ਰਾਜ ਕੁਮਾਰ ਬਾਲੀ ਨੇ ਕਿਹਾ ਕਿ ਅਕਸਰ ਇਹ ਗੱਲ ਵੇਖੀ ਗਈ ਹੈ ਕਿ ਪਾਸਪੋਰਟ ਧਾਰਕ ਸਮੇਂ ਸਿਰ ਰੀਨਿਊ ਕਰਵਾਉਣਾ ਭੁੱਲ ਜਾਂਦੇ ਹਨ। ਪਾਸਪੋਰਟ ਦੀ ਮਿਆਦ ਖਤਮ ਹੋਣ ਤੋਂ ਕਈ ਮਹੀਨੇ ਬਾਅਦ ਵੀ ਉਹ ਆਪਣੇ ਪਾਸਪੋਰਟ ਨੂੰ ਰੀਨਿਊ ਨਹੀਂ ਕਰਵਾਉਂਦੇ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ, ਜਿਸ ਦੀ ਪਾਸਪੋਰਟ ਦੀ ਛੇ ਮਹੀਨੇ ਦੀ ਵੈਲੀਡਿਟੀ ਬਾਕੀ ਹੈ, ਉਹ ਹੀ ਵਿਦੇਸ਼ ਜਾ ਸਕਦਾ ਹੈ। ਲੋਕ ਇਸ ਸਥਿਤੀ ਵਿੱਚ ਜਲਦਬਾਜ਼ੀ ਵਿੱਚ ਪਾਸਪੋਰਟ ਰੀਨਿਊ ਕਰਵਾਉਣ ਲਈ ਦਫਤਰ ਆਉਂਦੇ ਹਨ। ਕਈ ਵਾਰ ਪਾਸਪੋਰਟ ਰੀਨਿਊ ਨਾ ਹੋਣ ਕਾਰਨ ਲੋਕ ਵਿਦੇਸ਼ ਜਾਣ ਤੋਂ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਅਜਿਹੇ ਕੇਸ ਆਉਂਦੇ ਹਨ, ਜਦੋਂ ਕਿਸੇ ਨੂੰ ਐਮਰਜੈਂਸੀ ਵਿੱਚ ਵਿਦੇਸ਼ ਜਾਣਾ ਪੈਂਦਾ ਹੈ, ਪਰ ਉਹ ਵਿਦੇਸ਼ ਨਹੀਂ ਜਾ ਸਕਦਾ, ਕਿਉਂਕਿ ਉਸ ਦੇ ਪਾਸਪੋਰਟ ਦੀ ਮਿਆਦ ਖਤਮ ਹੋਣ ਵਿੱਚ ਛੇ ਮਹੀਨੇ ਤੋਂ ਘੱਟ ਸਮਾਂ ਬਾਕੀ ਹੁੰਦਾ ਹੈ। ਬਾਲੀ ਨੇ ਕਿਹਾ ਕਿ ਲੋਕਾਂ ਦੀ ਇਹ ਸਮੱਸਿਆ ਹੱਲ ਕਰਨ ਲਈ ਵਿਦੇਸ਼ ਮੰਤਰਾਲਾ ਨੇ ਐੱਸ ਐੱਮ ਐੱਸ ਸੁਵਿਧਾ ਸ਼ੁਰੂ ਕੀਤੀ ਹੈ ਕਿ ਪਾਸਪੋਰਟ ਧਾਰਕਾਂ ਨੂੰ ਮਿਆਦ ਖਤਮ ਹੋਣ ਬਾਰੇ ਯਾਦ ਕਰਾਇਆ ਜਾਏਗਾ।


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ | ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton



CELLNTELL DISTRIBUTION INC
1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com



FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158



ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •



ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative


Tel: 905.793.5777
416.802.5866
31 Melanie Dr. Unit #4 Brampton, ON L6T 5H8




Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਊਟਰ ਟਾਪ, ਵਾਕ ਆਊਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।





VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ

- ਅਸੀਂ ਸੌਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਪੀਲ ਪੁਲੀਸ ਬੋਰਡ ਦੇ ਨਵੇਂ ਚੇਅਰ ਦੀ ਚੋਣ ਬਾਰੇ ਸੁਆਲ

24 ਜਨਵਰੀ ਦਿਨ ਸ਼ੁੱਕਰਵਾਰ ਨੂੰ ਹੋਈ ਮੀਟਿੰਗ ਦੌਰਾਨ ਪੀਲ ਪੁਲੀਸ ਸਰਵਿਸ ਬੋਰਡ ਨੇ ਮੌਜੂਦਾ ਵਾਈਸ ਚੇਅਰਮੈਨ ਰੌਨ ਚੱਠਾ ਨੂੰ ਚੇਅਰ ਵਜੋਂ ਚੁਣ ਲਿਆ ਅਤੇ ਉਸਨੇ ਆਪਣੇ ਅਹੁਦੇ ਦੀ ਜੁੰਮੇਵਾਰੀ ਉਸੇ ਦਿਨ ਤੋਂ ਸੰਭਾਲ ਲਈ ਹੈ। ਦਰਅਸਲ ਵਿੱਚ ਸਿੱਖ ਭਾਈਚਾਰੇ ਨਾਲ ਸਬੰਧਿਤ ਸਾਬਕਾ ਬੋਰਡ ਚੇਅਰ ਅਮਰੀਕ ਸਿੰਘ ਆਹਲੂਵਾਲੀਆ ਦੇ ਜਾਣ ਤੋਂ ਬਾਅਦ ਨੈਂਨਡੋ ਇਆਨਿੰਕਾ ਦਸੰਬਰ 2018 ਤੋਂ ਅਸਥਾਈ ਰੂਪ ਵਿੱਚ ਇਸ ਰੋਲ ਨੂੰ ਨਿਭਾਉਂਦਾ ਆ ਰਿਹਾ ਸੀ। ਨੈਂਨਡੋ ਦੀ ਨਿਯਕਤੀ ਦਾ ਆਧਾਰ ਹੀ ਅਗਲੇ ਚੇਅਰ ਦੇ ਚੁਣੇ ਜਾਣ ਤੱਕ ਰੋਲ ਨਿਭਾਉਣਾ ਸੀ। ਚੇਤੇ ਰਹੇ ਕਿ ਚਰਚਿਤ ਰਹੇ ਅਮਰੀਕਾ ਸਿੰਘ ਆਹਲੂਵਾਲੀਆ ਅਤੇ ਉਸ ਵੇਲੇ ਦੀ ਪੁਲੀਸ ਮੁਖ਼ੀ ਜੈਨੀਫਰ ਐਵਨਜ਼ ਦੇ ਆਪਸੀ ਸਬੰਧ ਪ੍ਰੋਫੈਸ਼ਨਲ ਪੱਧਰ ਉੱਤੇ ਹੀ ਖਰਾਬ ਨਹੀਂ ਸਨ ਸਗੋਂ ਇਹ ਖਬਰਾਂ ਮਿਲਦੀਆਂ ਸਨ ਕਿ ਦੋਵੇਂ ਨਿੱਜੀ ਪੱਧਰ ਉੱਤੇ ਵੀ ਇੱਕ ਦੂਜੇ ਨਾਲ ਖਾਰ ਖਾਂਦੇ ਸਨ। ਇਹ ਦੋਸ਼ ਵੀ ਲੱਗਦੇ ਰਹੇ ਕਿ ਜੈਨੀਫਰ ਐਵਨਜ਼ ਨੇ ਅਮਰੀਕ ਸਿੰਘ ਆਹਲੂਵਾਲੀਆ ਦੇ ਕਿਰਦਾਰ ਨੂੰ ਖਰਾਬ ਕਰਨ ਲਈ ਆਪਣੀ ਫੋਰਸ ਦੇ ਕੁੱਝ ਅਫ਼ਸਰਾਂ ਨੂੰ ਵਰਤਣ ਦੀ ਅਸਫ਼ਲ ਕੋਸ਼ਿਸ਼ ਕੀਤੀ। ਖੈਰ ਕੌੜੀ ਹਕੀਕਤ ਇਹ ਰਹੀ ਕਿ ਕੜਵਾਹਟ ਦੇ ਮਾਹੌਲ ਵਿੱਚ ਪੀਲ ਪੁਲੀਸ ਮੁਖੀ ਅਤੇ ਬੋਰਡ ਮੁਖੀ ਦੋਵੇਂ ਆਪੋ ਆਪਣੇ ਅਕਸ ਨੂੰ ਧੱਬੇ ਲੱਗਣੋਂ ਨਹੀਂ ਸਨ ਰੋਕ ਸਕੇ।

ਇਸ ਲਿਹਾਜ਼ ਤੋਂ ਪਿਛਲਾ ਇੱਕ ਸਾਲ ਸੁੱਖਸਾਂਦ ਵਾਲਾ ਬੀਤਿਆ। ਬੋਰਡ ਵੱਲੋਂ ਚੁਣੇ ਗਏ ਤਾਮਿਲ ਮੂਲ ਦੇ ਪੁਲੀਸ ਮੁਖੀ ਨਿਸ਼ਾਨ ਦੁਰਿਆਅੱ-ਪਾ ਨੇ ਅਕਤੂਬਰ 2019 ਵਿੱਚ ਆਪਣਾ ਰੋਲ ਨਿਭਾਇਆ ਅਤੇ ਹੁਣ ਤੱਕ ਉਹਨਾਂ ਬਾਰੇ ਕੋਈ ਨਾਂਹ ਪੱਖੀ ਚਰਚਾ ਸੁਣਨ ਵਿੱਚ ਨਹੀਂ ਆਈ। ਇਹ ਵੱਖਰੀ ਗੱਲ ਹੈ ਕਿ ਮਿਸੀਸਾਗਾ ਅਤੇ ਬਰੈਂਪਟਨ ਵਿੱਚ ਚੋਰੀ, ਹਿੰਸਾ ਅਤੇ ਹੋਰ ਕਿਸਮ ਦੇ ਜੁਰਮਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਵੱਧ ਰਹੀ ਜੁਰਮ ਦੀ ਦਰ ਦੇ ਮੱਦੇਨਜ਼ਰ ਦੋ ਸਾਊਥ ਏਸ਼ੀਅਨ ਸਖ਼ਸ਼ਿਅਤਾਂ ਦਾ ਪੀਲ ਪੁਲੀਸ ਦੇ ਸਿਖ਼ਰ ਉੱਤੇ ਹੋਣਾ ਇੱਕ ਦਿਲਚਸਪ ਗੱਲ ਹੈ। ਜੇ ਪੀਲ ਰੀਜਨ ਵਿੱਚ ਕਾਨੂੰਨ ਅਤੇ ਸੁਰੱਖਿਆ ਦੇ ਹਾਲਾਤ ਬਿਹਤਰ ਹੋਣਗੇ ਤਾਂ ਸਿਹਰਾ ਸਮੁੱਚੀ ਪੁਲੀਸ ਫੋਰਸ ਨੂੰ ਜਾਵੇਗਾ ਜੋ ਕਿ ਹੋਣਾ ਵੀ ਚਾਹੀਦਾ ਹੈ ਪਰ ਜੇ ਹਾਲਾਤ ਬਦ ਤੋਂ ਬਦਤਰ ਬਣਨਗੇ ਤਾਂ ਦੋਸ਼ ਨੂੰ ਲੀਡਰਸ਼ਿੱਪ ਉੱਤੇ ਮੜ੍ਹੇ ਜਾਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਇਹੀ ਸੁਆਲ ਘੱਟ ਗਿਣਤੀਆਂ ਨੂੰ ਕੁੱਝ ਵਿਸ਼ੇਸ਼ ਅਹੁਦਿਆਂ ਉੱਤੇ ਨਿਯੁਕਤ ਕੀਤੇ ਜਾਣ ਬਾਰੇ ਉੱਠਦਾ ਰਹਿੰਦਾ ਹੈ।

ਜਿੱਥੇ ਤੱਕ ਲੀਡਰਸ਼ਿੱਪ ਦੀ ਗੁਣਵੱਤਾ ਦਾ ਸੁਆਲ ਹੈ, ਰੌਨ ਚੱਠਾ ਬਿਜਨਸ, ਸਿਆਸਤ ਅਤੇ ਕਮਿਉਨਿਟੀ ਮਸਲਿਆਂ ਨਾਲ ਨੇੜਿਓਂ ਜੁੜਿਆ ਹੰਢਿਆ ਵਰਤਿਆ ਕਾਰਕੁਨ ਹੈ। ਉਹ ਪੀਲ ਖੇਤਰ ਖਾਸਕਰਕੇ ਬਰੈਂਪਟਨ ਦੇ ਜਨਜੀਵਨ ਵਿੱਚ ਪਿਛਲੇ 10 ਸਾਲ ਤੋਂ ਸਰਗਰਮ ਅਤੇ ਚਰਚਿਤ ਰੋਲ ਅਦਾ ਕਰਦਾ ਆ ਰਿਹਾ ਹੈ। ਇਸ ਵਿੱਚ ਪੀਲ ਚਿਲਡਰਨ ਏਡ ਫਾਉਂਡੇਸ਼ਨ ਦੇ ਬੋਰਡ ਅਤੇ ਬਰੈਂਪਟਨ ਦੀ ਸਕੂਲ ਟ੍ਰੈਫਿਕ ਸੇਫਟੀ ਕਾਉਂਸਲ ਦਾ ਮੈਂਬਰ ਅਤੇ ਬਰੈਂਪਟਨ ਸਿਟੀ ਦੀ ਕਮੇਟੀ ਆਫ ਐਡਜਸਟਮੈਂਟ ਦਾ ਵਾਈਸ ਚੇਅਰ ਹੋਣਾ ਸ਼ਾਮਲ ਹੈ। ਇਹਨਾਂ ਰੋਲਾਂ ਦੇ ਬਾਵਜੂਦ ਰੌਨ ਚੱਠਾ ਦਾ ਉਥਾਨ ਇੱਕ ਸਿਆਸੀ ਸਖ਼ਸ਼ਿਅਤ ਵਜੋਂ ਰਿਹਾ ਹੈ। ਉਸਨੇ ਨਿੱਜੀ ਪੱਧਰ ਉੱਤੇ ਪਿਛਲੇ 10 ਸਾਲਾਂ ਦੌਰਾਨ ਕਈ ਸਿਆਸੀ ਉਤਰਾਅ ਚੜਾਅ ਵੇਖੇ ਹਨ। 2017 ਵਿੱਚ ਕੰਜ਼ਰਵੇਟਿਵ ਪਾਰਟੀ ਲੀਡਰਸ਼ਿੱਪ ਚੋਣ ਵਿੱਚ ਰੌਨ ਨੇ ਬਿਜਸਨਮੈਨ, ਲੇਖਕ ਅਤੇ ਟੈਲੀਵਿਜ਼ਨ ਪਰਸਨੈਲਟੀ ਕੈਵਿਨ ਓਲੀਅਰੀ ਦੀ ਮੈਂਬਰਸ਼ਿੱਪ ਵਿੱਚ ਮੁੱਖ ਰੋਲ ਅਦਾ ਕਰਨਾ ਕਬੂਲ ਕੀਤਾ ਸੀ। ਉਸ ਵੇਲੇ ਰੌਨ ਦੁਆਰਾ ਗਲਤ ਢੰਗ ਨਾਲ ਮੈਂਬਰ ਬਣਾਉਣ ਬਾਰੇ ਚਰਚਾ ਕੌਮੀ ਪੱਧਰ ਉੱਤੇ ਹੋਈ ਸੀ। ਮੁੱਖ ਧਾਰਾ ਦੇ ਮੀਡੀਆ ਖਾਸ ਕਰਕੇ ਗਲੋਬ ਐਂਡ ਮੇਲ ਨੇ ਬਰੈਂਪਟਨ ਦੇ ਛੇ ਵਾਸੀਆਂ ਵੱਲੋਂ ਰੌਨ ਵਿਰੁੱਧ ਦਿੱਤੇ ਹਲਫੀਆ ਬਿਆਨ ਨੂੰ 6 ਸਿੱਖ ਵਿਅਕਤੀ ਆਖ ਕੇ ਖ਼ਬਰਾਂ ਨਸ਼ਰ ਕੀਤੀਆਂ ਸਨ।

ਸਿੱਖ ਸ਼ਬਦ ਵਰਤ ਕੇ ਨਸਲਵਾਦ ਦੀ ਬੂਅ ਮਾਰਦੀਆਂ ਛਾਪੀਆਂ ਗਈਆਂ ਉਹ ਖ਼ਬਰਾਂ ਸੁਆਲ ਖੜਾ ਕਰਦੀਆਂ ਸਨ ਕਿ ਜੇ ਰੌਨ ਚੱਠਾ ਬਾਰੇ ਸ਼ਿਕਾਇਤ ਕਰਨ ਵਾਲਿਆਂ ਲਈ ਸਿੱਖ ਸ਼ਬਦ ਵਰਤਿਆ ਗਿਆ ਤਾਂ ਮਸਲੇ ਦੇ ਮੁੱਖ ਕਿਰਦਾਰਾਂ ਕੈਵਿਨ ਓਲੀਅਰੀ ਅਤੇ ਮੈਕਸਿਮ ਬਰਨੀਏ ਨੂੰ ਇਸਾਈ ਜਾਂ ਕੁੱਝ ਹੋਰ ਕਿਉਂ ਨਹੀਂ ਲਿਖਿਆ ਗਿਆ? ਹੈਰਾਨੀ ਇਸ ਗੱਲ ਦੀ ਵੀ ਰਹੀ ਕਿ ਸਿੱਖ ਅਕਸ ਲਈ ਕੰਮ ਕਰਨ ਵਾਲੇ ਅਸਲੀ ਅਤੇ ਅਖੌਤੀ ਸਿੱਖ ਐਡਵੋਕੇਸੀ ਗਰੁੱਪਾਂ ਵਿੱਚੋਂ ਕਿਸੇ ਨੇ ਵੀ ਇਸ ਗਲਤ ਸ਼ਬਦਾਵਲੀ ਬਾਰੇ ਆਵਾਜ਼ ਨਹੀਂ ਸੀ ਚੁੱਕੀ।

ਰੌਨ ਚੱਠਾ ਦੀ ਪੀਲ ਪੁਲੀਸ ਸਰਵਿਸ ਬੋਰਡ ਦੇ ਮੁਖੀ ਵਜੋਂ ਨਿਯੁਕਤੀ ਜਿੱਥੇ ਸਿੱਖ ਭਾਈਚਾਰੇ ਲਈ ਮਾਣ ਦੀ ਗੱਲ ਹੈ, ਉਸਦੇ ਨਾਲ ਹੀ ਇਹ ਨਿਯੁਕਤੀ ਇੱਕ ਵਾਰ ਦੁਬਾਰਾ ਸੁਆਲ ਖੜਾ ਕਰਦੀ ਹੈ ਕਿ ਸਿੱਖਾਂ ਨੂੰ ਉੱਚ ਅਹੁਦਿਆਂ ਉੱਤੇ ਕੈਨੇਡੀਅਨਾਂ ਵਜੋਂ ਕਦੋਂ ਲੈਣਾ ਆਰੰਭ ਕੀਤਾ ਜਾਵੇਗਾ। ਇਹ ਸੁਆਲ ਮੁੱਖਧਾਰਾ ਦੇ ਮੀਡੀਆ ਅਤੇ ਸਿਆਸਤਦਾਨਾਂ ਲਈ ਹੈ।

## ਪੀਟਰ ਮੈਕੇਅ ਨੇ ਰਸਮੀ ਤੌਰ ’ਤੇ ਲੀਡਰਸ਼ਿਪ ਦੌੜ ’ਚ ਨਿਤਰਣ ਦਾ ਕੀਤਾ ਐਲਾਨ

...ਪੰਨਾ 1 ਦਾ ਬਾਕੀ

ਇਸ ਐਲਾਨ ਦੌਰਾਨ ਮੇਅਰ ਪੈਟ੍ਰਿਕ ਬ੍ਰਾਊਨ, ਜਿਹੜੇ ਪੀਲ ਪੁਲਿਸ ਸਰਵਿਸ ਬੋਰਡ ਦੇ ਵੀ ਮੈਂਬਰ ਹਨ, ਨੇ ਇਸ ਨਿਵੇਸ਼ ਦੀ ਅਹਿਮੀਅਤ ਦਾ ਜ਼ਿਕਰ ਕੀਤਾ। ਉਨ੍ਹਾਂ ਆਖਿਆ ਕਿ ਇਸ ਨਾਲ ਪੀਲ ਰੀਜਨਲ ਪੁਲਿਸ ਦੇ ਕਮਿਊਨਿਟੀ ਮੋਬਿਲਾਈਜ਼ੇਸ਼ਨ ਪ੍ਰੋਗਰਾਮ ਤੇ ਓਨਟਾਰੀਓ ਦੇ ਗੰਨਜ਼, ਗੈਂਗਜ਼ ਤੇ ਵਾਇਲੰਸ ਰਿਡਕਸ਼ਨ ਸਟਰੈਟੇਜੀ ਨੂੰ ਮਦਦ ਮਿਲੇਗੀ। ਸਿਟੀ ਆਫ ਬਰੈਂਪਟਨ ਵੱਲੋਂ ਮਜ਼ਬੂਤ ਤੇ ਸੁਰੱਖਿਅਤ ਕਮਿਊਨਿਟੀਜ਼ ਦੇ ਨਿਰਮਾਣ ਵਿੱਚ ਸਰਕਾਰ ਦੇ ਅਹਿਮ ਯੋਗਦਾਨ ਦੀ ਪੈਰਵੀ ਕੀਤੀ ਜਾਂਦੀ ਰਹੀ ਹੈ।

2015 ਦੀਆਂ ਚੋਣਾਂ ਤੋਂ ਪਹਿਲਾਂ ਹੀ ਮੈਕੇਅ ਸਿਆਸਤ ਤੋਂ ਪਾਸੇ ਹੋ ਗਏ ਸਨ। ਉਸ ਸਾਲ ਹੀ ਹਾਰਪਰ ਦੀ ਅਗਵਾਈ ਵਿੱਚ ਟੋਰੀਜ਼ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ ਤੇ ਹਾਰਪਰ ਨੇ ਵੀ ਆਗੂ ਵਜੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਮੈਕੇਅ ਨੇ ਪਾਰਟੀ ਦੀ ਇੱਕਜੁੱਟਤਾ ਦੀ ਲੋੜ ਉੱਤੇ ਜ਼ੋਰ ਦਿੰਦਿਆਂ ਇਸ ਦੇ ਨਿਰਮਾਣ ਵਿੱਚ ਖੁਦ ਵੱਲੋਂ ਪਾਏ ਯੋਗਦਾਨ ਦਾ ਜ਼ਿਕਰ ਕੀਤਾ। ਮੈਕੇਅ ਨੇ ਇਹ ਐਲਾਨ ਉਸ ਸਮੇਂ ਕੀਤਾ ਹੈ ਜਦੋਂ ਮੌਜੂਦਾ ਪਾਰਟੀ ਆਗੂ ਐਂਡਰਿਊ ਸ਼ੀਅਰ ਕੰਜ਼ਰਵੇਟਿਵ ਐਮਪੀਜ਼ ਤੇ ਸੈਨੇਟਰਜ਼ ਨਾਲ ਓਟਵਾ ਵਿੱਚ ਮੁਲਾਕਾਤ ਕਰ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਐਮਪੀਜ਼ ਪਹਿਲਾਂ ਹੀ ਮੈਕੇਅ ਨੂੰ ਸਮਰਥਨ ਦੇਣ ਦਾ ਐਲਾਨ ਕਰ ਚੁੱਕੇ ਹਨ। ਸ਼ੀਅਰ 2017 ਵਿੱਚ 14 ਉਮੀਦਵਾਰਾਂ ਨੂੰ ਹਰਾਉਣ ਤੋਂ ਬਾਅਦ ਪਾਰਟੀ ਆਗੂ ਬਣੇ ਸਨ। ਜੂਨ ਵਿੱਚ ਕੰਜ਼ਰਵੇਟਿਵਾਂ ਵੱਲੋਂ ਆਪਣਾ ਨਵਾਂ ਆਗੂ ਚੁਣ ਲਏ ਜਾਣ ਤੋਂ ਬਾਅਦ ਸ਼ੀਅਰ ਆਪਣਾ ਅਹੁਦਾ ਛੱਡ ਦੇਣਗੇ, ਇਸ ਬਾਰੇ ਉਹ ਦਸੰਬਰ ਵਿੱਚ ਐਲਾਨ ਕਰ ਚੁੱਕੇ ਹਨ।

## ਓਨਟਾਰੀਓ ਸਰਕਾਰ ਵੱਲੋਂ ਐਲਾਨੇ ਫੰਡਾਂ ਦਾ ਸਿਟੀ ਆਫ ਬਰੈਂਪਟਨ ਵੱਲੋਂ ਸਵਾਗਤ

...ਪੰਨਾ 1 ਦਾ ਬਾਕੀ

2019 ਵਿਚ ਐਸੋਸਿਏਸ਼ਨ ਆਫ ਮਿਊਂਸਪੈਲਿਟੀਜ਼ ਆਫ ਓਨਟਾਰੀਓ (ਏਐਮਓ) ਐਨੂਅਲ ਕਾਨਫਰੰਸ ਵਿਖੇ ਮੇਅਰ ਦੀ ਅਗਵਾਈ ਵਾਲੇ ਸਿਟੀ ਦੇ ਵਫਦ ਨੇ ਸਿੱਧੇ ਤੌਰ ਉੱਤੇ ਸੌਲੀਸਿਟਰ ਜਨਰਲ ਨਾਲ ਗੱਲ ਕਰਦਿਆਂ ਕਮਿਊਨਿਟੀ ਦੀ ਸੇਫਟੀ, ਬਰੈਂਪਟਨ ਵਾਸੀਆਂ ਤੇ ਸਮੁੱਚੇ ਪੀਲ ਰੀਜਨ ਦੀ ਭਲਾਈ ਲਈ ਸਰਕਾਰ ਦੇ ਸਾਰੇ ਪੱਧਰਾਂ ਦੀ ਸ਼ਮੂਲੀਅਤ, ਫੰਡਿੰਗ ਤੇ ਸਹਿਯੋਗ ਦੀ ਲੋੜ ਉੱਤੇ ਜ਼ੋਰ ਦਿੱਤਾ ਸੀ। ਇਨ੍ਹਾਂ ਫੰਡਾਂ ਦੇ ਐਲਾਨ ਨਾਲ ਬਰੈਂਪਟਨ ਦੀ ਕਮਿਊਨਿਟੀ ਦੀ ਸੇਫਟੀ ਲਈ ਕੀਤੇ ਜਾ ਰਹੇ ਹੋਰਨਾਂ ਉਪਰਾਲਿਆਂ ਨੂੰ ਵੀ ਹੁਲ-ਾਰਾ ਮਿਲੇਗਾ। ਇਹ ਉਪਰਾਲੇ ਹੇਠ ਲਿਖੇ ਅਨੁਸਾਰ ਹਨ :

- ਇਲਾਕਾ ਵਾਸੀਆਂ ਦੀ ਮੌਜੂਦਗੀ ਵਧਾਉਣ ਤੇ ਕੇਅਰ ਵਿੱਚ ਸੁਧਾਰ ਕਰਨ ਲਈ ਪੀਲ ਰੀਜਨਲ ਪੁਲਿਸ ਵੱਲੋਂ ਡਾਊਨਟਾਊਨ ਬਰੈਂਪਟਨ ਸਬਸਟੇਸ਼ਨ ਖੋਲ੍ਹਣ ਸਬੰਧੀ ਐਲਾਨ
- ਸਿਟੀ ਆਫ ਬਰੈਂਪਟਨ ਦੇ ਲਾਈਟਹਾਊਸ ਪ੍ਰੋਗਰਾਮ, ਜਿਸ ਵਿੱਚ ਇਹ ਯਕੀਨੀ ਬਣਾਉਣ ਦੀ ਗੱਲ ਕੀਤੀ ਗਈ ਹੈ ਕਿ ਕਮਿਊਨਿਟੀ ਪੱਧਰ ਉੱਤੇ ਪੈਦਾ ਹੋਣ ਵਾਲੇ ਐਮਰਜੰਸੀ ਹਾਲਾਤ ਦੌਰਾਨ ਕਮਿਊਨਿਟੀ ਫੇਥ ਅਧਾਰਿਤ ਆਰਗੇਨਾਈਜ਼ੇਸ਼ਨਜ਼ ਦੇ ਅਹਾਤੇ ਵਿੱਚ ਹੀ ਪਨਾਹ ਲਵੇ।
- ਨਿਗਰਾਨੀ ਸਬੰਧੀ ਸਮਰੱਥਾ ਵਿੱਚ ਸੁਧਾਰ ਲਈ ਹਾਈਵੇਅ 410 ਤੇ 403 ਉੱਤੇ ਸੀਸੀਟੀਵੀ ਕੈਮਰੇ ਲਾਉਣ ਦੀ ਸਿਟੀ ਵੱਲੋਂ ਕੀਤੀ ਜਾ ਰਹੀ ਪੈਰਵੀ।

## ਐਨ ਆਰ ਆਈ ਦੀ ਕਰੋੜਾਂ ਦੀ ਜ਼ਮੀਨ ਧੋਖੇ ਨਾਲ ਵੇਚਣ ਵਾਲਾ ਸੋਮਨਾਥ ਗ੍ਰਿਫ਼ਤਾਰ

ਜਲੰਧਰ, 26 ਜਨਵਰੀ (ਪੋਸਟ ਬਿਊਰੋ)- ਰੇਡੀਓ ਕਾਲੋਨੀ ਵਿੱਚ ਐਨ ਆਰ ਆਈ ਦੀ ਜ਼ਮੀਨ ਨੂੰ ਧੋਖੇ ਨਾਲ ਵੇਚਣ ਦੇ ਦੋਸ਼ 'ਚ ਐਨ ਆਰ ਆਈ ਥਾਣਾ ਪੁਲਸ ਨੇ ਬੀ ਐਸ ਪੀ ਵੱਲੋਂ ਵਿਧਾਨ ਸਭਾ ਚੋਣ ਲੜ ਚੁੱਕੇ ਸੋਮਨਾਥ ਵਾਸੀ ਨੀਲਾ ਮਹਿਲ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਨੂੰ ਕੁਝ ਸਮੇਂ ਪਹਿਲਾਂ ਭਗੌੜਾ ਕਰਾਰ ਦਿੱਤਾ ਗਿਆ ਸੀ।

ਥਾਣਾ ਐਨ ਆਰ ਆਈ ਦੇ ਇੰਚਰਾਜ ਅਰਵਿੰਦਰ ਸਿੰਘ ਨੇ ਦੱਸਿਆ ਕਿ 25 ਅਕਤੂਬਰ 2018 ਨੂੰ ਯੂ ਕੇ ਵਿੱਚ ਰਹਿਣ ਵਾਲੇ ਇਸ ਸ਼ਹਿਰ ਦੇ ਗੜ੍ਹਾ ਇਲਾਕੇ ਦੇ ਵਾਸੀ ਅਰਜੁਨ ਸਿੰਘ ਪਰਵਾਨਾ ਅਤੇ ਉਨ੍ਹਾਂ ਦੀ ਮਾਤਾ ਕਰਤਾਰ ਕੌਰ ਨੇ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਦੀ ਕਰੋੜਾਂ ਦੀ ਜ਼ਮੀਨ ਰੇਡੀਓ ਕਾਲੋਨੀ ਵਿੱਚ ਹੈ, ਜਿੱਥੇ ਉਨ੍ਹਾਂ ਕੁਝ ਦੁਕਾਨਾਂ ਬਣਵਾਈਆਂ ਸੀ। ਉਸ ਦੇ ਇੱਕ ਜਾਣਕਾਰ ਸੋਮਨਾਥ ਨੇ ਉਨ੍ਹਾਂ ਦੀ ਜ਼ਮੀਨ ਦੇ ਜਾਲੀ ਦਸਤਾਵੇਜ ਬਣਾ ਕੇ ਅਟਾਰਨੀ ਆਪਣੇ ਨਾਮ ਕਰਵਾ ਲਈ। ਇਸ ਤੋਂ ਬਾਅਦ ਉਦਯੋਗਪਤੀ ਵਿਸ਼ਾਲ ਕੱਕੜ, ਅਰਜੁਨ ਸਿੰਘ ਦੇ ਕਿਰ-ਾਏਦਾਰ ਜਤਿੰਦਰ ਪਾਲ ਸਿੰਘ, ਸੁਰਿੰਦਰ ਕੌਰ, ਬਲਜੀਤ ਕੌਰ ਦੇ ਨਾਮ ਫਰਜ਼ੀ ਰਜਿਸਟਰੀ ਕਰਵਾ ਕੇ ਵੇਚ ਦਿੱਤੀ। ਸ਼ਿਕਾਇਤ ਉੱਤੇ ਪੁਲਸ ਨੇ ਸਾਰਿਆਂ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਸੀ ਤੇ ਵਿਸ਼ਾਲ ਕੱਕੜ ਨੂੰ ਗ੍ਰਿਫ਼ਤਾਰ ਕੀਤਾ। ਬਾਕੀ ਲੋਕਾਂ ਨੇ ਅਦਾਲਤ ਤੋਂ ਜ਼ਮਾਨਤ ਲੈ ਲਈ ਸੀ। ਇਸ ਕੇਸ ਵਿੱਚ ਸੋਮਨਾਥ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਕੱਲ੍ਹ ਪੁਲਸ ਨੂੰ ਸੂਚਨਾ ਮਿਲੀ ਕਿ ਉਹ ਜਲੰਧਰ ਆਇਆ ਹੈ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾ ਦੱਸਿਆ ਕਿ ਸੋਮਨਾਥ ਕੁਝ ਸਮੇਂ ਪਹਿਲਾ ਬਸਪਾ ਦੀ ਟਿਕਟ ਦੇ ਨਾਲ ਵਿਧਾਨ ਸਭਾ ਦੋ ਚੋਣ ਲੜ ਚੁੱਕਾ ਹੈ।





Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਰਦੀਪ ਸਿੰਘ ਪੁਰੀ ਦੀ ਅਗਵਾਈ ਵਿੱਚ ਭਾਜਪਾ ਹਿੰਦੂਵਾਦੀ ਸਿੱਖ ਚਿਹਰੇ ਅੱਗੇ ਲਿਆਉਣ ਲੱਗੀ

ਨਵੀਂ ਦਿੱਲੀ, 26 ਜਨਵਰੀ (ਪੋਸਟ ਬਿਊਰੋ)- ਦਿੱਲੀ ਵਿੱਚ ਭਾਜਪਾ ਅਤੇ ਅਕਾਲੀ ਦਲ ਦਾ ਗਠਜੋੜ ਟੁੱਟਣ ਦੇ ਸਭ ਤੋਂ ਜ਼ਿਆਦਾ ਹੈਰਾਨੀ ਜਨਕ ਪਹਿਲੂਆਂ ਵਿੱਚੋਂ ਇੱਕ ਇਹ ਹੈ ਕਿ ਇਥੇ ਭਾਜਪਾ ਚੋਣਾਂ ਵਿੱਚ ਸਿੱਖ ਚਿਹਰੇ ਦੀ ਨਿਗਰਾਨੀ ਵਿੱਚ ਲੜਨ ਜਾ ਰਹੀ ਹੈ। ਇਹ ਚਿਹਰਾ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦਾ ਹੈ।

ਕੇਂਦਰੀ ਹਵਾਬਾਜ਼ੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਇਸ ਪਾਰਟੀ ਦੇ ਉਪ ਪ੍ਰਧਾਨ ਹਨ। ਉਨ੍ਹਾ ਨੇ ਪਿਛਲੇ ਸਾਲ ਅਕਾਲੀ ਦਲ ਦੀ ਮਦਦ ਨਾਲ ਅੰਮ੍ਰਿਤਸਰ ਵਿੱਚ ਲੋਕ ਸਭਾ ਚੋਣਾਂ ਲੜੀ ਸੀ, ਪਰ ਹਾਰ ਗਏ ਸਨ। ਇਹ ਸਿਰਫ ਸੰਯੋਗ ਨਹੀਂ, ਅਕਾਲੀਆਂ ਨਾਲ ਗਠਜੋੜ ਕਰਨਾ ਭਾਜਪਾ ਦੀ ਵੱਡੀ ਯੋਜਨਾ ਦਾ ਹਿੱਸਾ ਸੀ। ਹਿੰਦੂਤਵਵਾਦੀ ਸਿੱਖ ਲੀਡਰਸ਼ਿਪ ਨੂੰ ਅੱਗੇ ਲਿਆਉਣ ਵਿੱਚ ਹਰਦੀਪ ਸਿੰਘ ਪੁਰੀ ਦਾ ਅਹਿਮ ਰੋਲ ਹੈ। ਇਸ ਸਮੇਂ ਪੁਰੀ ਕੇਂਦਰ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਹਨ ਅਤੇ ਸਾਬਕਾ ਰਾਜਦੂਤ ਹਨ। ਉਹ 1970 ਦੇ ਦਹਾਕੇ ਵਿੱਚ ਵਿਦਿਆਰਥੀ ਲੀਡਰ ਸਨ ਜਿਨ੍ਹਾਂ ਨੇ ਆਰ ਐੱਸ ਐੱਸ ਦੇ ਵਿਦਿਆਰਥੀ ਸੰਗਠਨ ਏ ਬੀ ਵੀ ਪੀ ਦੇ ਸਮਰਥਨ ਨਾਲ ਚੋਣਾਂ ਲੜੀਆਂ ਸਨ। ਪੁਰੀ ਦੇ ਸਹਾਰੇ ਭਾਜਪਾ ਸਿੱਖ ਲੀਡਰਸ਼ਿਪ ਅੱਗੇ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਹਿੰਦੂਤਵ ਦੀ ਸਮੱਰਥਨ ਹੋਵੇ। ਸਿੱਖ ਸੈਲ ਅਕਾਲੀਆਂ ਨਾਲ ਸਮਝੌਤਾ ਕਰਨ ਦੀ ਥਾਂ ਆਪਣੇ ਪੁਰਾਣੇ ਵਰਕਰਾਂ ਨੂੰ ਟਿਕਟ ਦੇਣ ਦੀ ਮੰਗ ਕਰ ਚੁੱਕਾ ਹੈ।


## ਕਾਰੋਬਾਰੀ ਵੱਲੋਂ ਪਤਨੀ, ਬੇਟੇ ਅਤੇ ਬੇਟੀ ਦਾ ਗਲਾ ਵੱਢ ਕੇ ਕਤਲ

ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ)- ਮਨੀਮਾਜਰਾ ਦੇ ਮਾਡਰਨ ਕੰਪਲੈਕਸ ਵਿੱਚ ਬੁੱਧਵਾਰ ਰਾਤ ਇੱਕ ਕਾਰੋਬਾਰੀ ਦੀ ਪਤਨੀ, ਬੇਟੇ ਤੇ ਬੇਟੀ ਦੀ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਨੂੰ ਵਾਰਦਾਤ ਦੀ ਸੂਚਨਾ ਤਦ ਮਿਲੀ ਜਦ ਪਤਾ ਲੱਗਾ ਕਿ ਕਾਰੋਬਾਰੀ ਸੁਰਿੰਦਰ ਉਰਫ ਸੰਜੇ ਅਰੋੜਾ ਪੀ ਜੀ ਆਈ ਵਿੱਚ ਦਾਖਲ ਹੈ। ਉਨ੍ਹਾਂ ਨੇ ਬੁੱਧਵਾਰ ਰਾਤ ਟਰੇਨ ਅੱਗੇ ਛਾਲ ਮਾਰ ਦਿੱਤੀ ਸੀ। ਵੀਰਵਾਰ ਰਾਤ ਪੀ ਜੀ ਆਈ ਵਿੱਚ ਇਲਾਜ ਦੌਰਾਨ ਉਸ ਦੀ ਵੀ ਮੌਤ ਹੋ ਗਈ। ਫਲੈਟ 'ਚੋਂ ਮਿਲੇ ਸੁਸਾਈਡ ਨੋਟ ਵਿੱਚ ਆਰਥਿਕ ਤੰਗੀ ਤੋਂ ਪ੍ਰੇਸ਼ਾਨ ਹੋਣ ਦੀ ਗੱਲ ਲਿਖੀ ਗਈ ਹੈ।

ਸੰਜੇ ਅਰੋੜਾ ਦੀ ਪੰਚਕੂਲਾ ਸੈਕਟਰ-9 ਵਿੱਚ ਕ੍ਰਿਸ਼ਨੀ ਬੇਕਰੀ ਦੇ ਨਾਂਅ ਦੀ ਦੁਕਾਨ ਹੈ। ਇਸ ਨੂੰ ਸੱਤ ਸਾਲਾ ਲੀਜ਼ 'ਤੇ ਚਲਾ ਰਹੇ ਕਰਮਵੀਰ ਦੇ ਕੋਲ ਪੀ ਜੀ ਆਈ ਤੋਂ ਕਾਲ ਆਈ ਕਿ ਅਰੋੜਾ ਨੂੰ ਟਰੇਨ ਦੀ ਲਪੇਟ ਵਿੱਚ ਆਉਣ ਕਾਰਨ ਗੰਭੀਰ ਹਾਲਤ ਵਿੱਚ ਭਰਤੀ ਕਰਾਇਆ ਗਿਆ ਹੈ। ਉਹ ਪੀ ਜੀ ਆਈ ਪਹੁੰਚੇ ਤੇ ਸੰਜੇ ਦੇ ਪਰਵਾਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੋਬਾਈਲ 'ਤੇ ਜਵਾਬ ਨਾ ਮਿਲਣ 'ਤੇ ਉਹ ਮਨੀਮਾਜਰਾ ਉਨ੍ਹਾਂ ਦੇ ਫਲੈਟ 'ਤੇ ਜਾ ਪਹੁੰਚੇ। ਉਨ੍ਹਾਂ ਨੇ ਦੇਖਿਆ ਕਿ ਮੁੱਖ ਗੇਟ ਦਾ ਤਾਲਾ ਬਾਹਰੋਂ ਬੰਦ ਹੈ ਤੇ ਅੰਦਰ ਲਾਈਟਾਂ ਆਨ ਸਨ। ਦਰਵਾਜ਼ੇ ਦੇ ਬਾਹਰ ਫਰਸ਼ ਉੱਤੇ ਖੂਨ ਪਿਆ ਸੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਫਲੈਟ ਦਾ ਤਾਲਾ ਤੋੜਿਆ ਤਾਂ ਦੇਖਿਆ ਕਿ ਸੰਜੇ ਦੀ 22 ਸਾਲਾ ਬੇਟੀ ਰਤਨਾ ਦੀ ਲਾਸ਼ ਮੇਨ ਗੇਟ ਨੇੜੇ ਪਈ ਸੀ। ਅੰਦਰ ਕਮਰੇ ਵਿੱਚ 45 ਸਾਲ ਦੀ ਪਤਨੀ ਸੁਨੀਤਾ ਉਰਫ ਸਰਿਤਾ ਅਤੇ 16 ਸਾਲ ਦੇ ਬੇਟੇ ਅਰਜੁਨ ਦੀਆਂ ਲਾਸ਼ਾਂ ਪਈਆਂ ਮਿਲੀਆਂ। ਤਿੰਨਾਂ ਦਾ ਗਲਾ ਵੱਢਿਆ ਗਿਆ ਸੀ। ਸ਼ੁਰੂ ਦੀ ਜਾਂਚ ਤੋਂ ਲੱਗਦਾ ਸੀ ਕਿ ਸਭ ਤੋਂ ਪਹਿਲਾਂ ਸੰਜੇ ਦੀ ਪਤਨੀ, ਉਸ ਦੇ ਬਾਅਦ ਬੇਟੇ ਤੇ ਫਿਰ ਬੇਟੀ ਦੀ ਹੱਤਿਆ ਹੋਈ ਹੈ। ਕਾਤਲ ਨੇ ਬੇਟੀ 'ਤੇ ਰਾਡ ਨਾਲ ਵੀ ਹਮਲਾ ਕੀਤਾ। ਇਸ ਦੌਰਾਨ ਦੋਵਾਂ ਦੀ ਹੱਥੋਪਾਈ ਹੋਈ। ਪੁਲਸ ਸੂਤਰਾਂ ਅਨੁਸ-ਾਰ ਸੰਜੇ ਅਰੋੜਾ ਦੇ ਕਮਰੇ ਵਿੱਚ ਟੇਬਲ 'ਤੇ ਇੱਕ ਨੋਟ ਮਿਲਿਆ ਹੈ, ਜਿਸ ਵਿੱਚ ਲਿਖਿਆ ਹੈ ਕਿ ਉਹ ਆਰਥਿਕ ਤੰਗੀ ਕਾਰਨ ਸੁਸਾਈਡ ਕਰਨ ਲੱਗੇ ਹਨ।

























# ਇਹੀ ਮੇਰੇ ਵਾਰਸ ਨੇ...

-ਸੁਖਪਾਲ ਕੌਰ ਸੁੱਖੀ

ਮੈਂ ਹਾਲੇ ਦਫਤਰ ਦਾ ਦਰਵਾਜ਼ਾ ਖੋਲ੍ਹਿਆ ਹੀ ਸੀ ਕਿ ਦੋ ਛੋਟੀਆਂ ਪਿਆਰੀਆਂ ਬੱਚੀਆਂ ਮੈਲੇ ਕੁਚੈਲੇ ਕੱਪੜਿਆਂ ਨਾਲ ਮੇਰੇ ਕਮਰੇ ਵਿੱਚ ਆ ਗਈਆਂ। ਸੱਠ ਸਾਲ ਦਾ ਬਾਬਾ, ਜਿਸ ਤੋਂ ਚੰਗੀ ਤਰ੍ਹਾਂ ਖੜਿਆ ਨਹੀਂ ਜਾ ਰਿਹਾ ਸੀ, ਉਨ੍ਹਾਂ ਦੇ ਪਿੱਛੇ ਕਮਰੇ ਵਿੱਚ ਆ ਗਿਆ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਸ ਨੇ ਮੇਰੇ ਵੱਲ ਬੱਚੀ ਦਾ ਆਧਾਰ ਕਾਰਡ ਕਰ ਦਿੱਤਾ। ਆਧਾਰ ਕਾਰਡ 'ਤੇ ਬੱਚੀ ਦਾ ਨਾਂ 'ਸਕੀਨਾ' ਲਿਖਿਆ ਸੀ। ਮੈਂ ਬਾਬੇ ਨੂੰ ਬੈਠਣ ਲਈ ਕਿਹਾ।

ਦਫਤਰ ਦਾ ਮੇਜ਼ ਠੀਕ ਕਰਕੇ ਮੈਂ ਬਾਬੇ ਨੂੰ ਪੁੱਛਿਆ, 'ਬਾਬਾ ਜੀ ਕਿਸ ਕੰਮ ਲਈ ਆਏ ਹੋ।'

ਬਾਬੇ ਨੇ ਤਰਲੇ ਭਰੀ ਆਵਾਜ਼ ਨਾਲ ਕਿਹਾ, 'ਪੁੱਤ ਮੈਂ ਤਾਂ ਤੇਰੇ ਕੋਲ ਬੜੀ ਆਸ ਲੈ ਕੇ ਆਇਆ ਹਾਂ।' ਬਾਬੇ ਦੀ ਭਾਸ਼ਾ ਵਿੱਚ ਪੋਠੋਹਾਰੀ ਦਾ ਰਲੇਵਾਂ ਸੀ।

ਮੈਂ ਫਿਰ ਪੁੱਛਿਆ ਕਿ 'ਬਾਬਾ ਕੀ ਬਿਮਾਰੀ ਹੈ ਗੁੜੀਆ ਨੂੰ?' ਮੈਂ ਇਸ਼ਾਰੇ ਨਾਲ ਬੱਚੀ ਨੂੰ ਆਪਣੇ ਕੋਲ ਸੱਦਿਆ ਤਾਂ ਉਹ ਕੁਝ ਸੰਗ ਗਈ ਤੇ ਆਪਣੀ ਛੋਟੀ ਭੈਣ ਦੇ ਨਾਲ ਲੱਗ ਕੇ ਖੜੋ ਗਈ। ਮੇਰੇ ਇਹ ਕਹਿਣ 'ਤੇ ਕਿ ਹੁਣ ਸਭ ਠੀਕ ਹੋ ਜਾਵੇਗਾ, ਬਾਬੇ ਨੂੰ ਕੁਝ ਸਕੂਨ ਮਿਲਿਆ।

ਬਾਬੇ ਨੇ ਕੁਰਸੀ ਉਪਰ ਠੀਕ ਹੋ ਕੇ ਬੈਠਦੇ ਹੋਏ ਕਿਹਾ, 'ਪੁੱਤ, ਮੈਂ ਅਨਪੜ੍ਹ ਹਾਂ, ਪਰ ਇਹ ਕੁੜੀਆਂ ਕੁਝ ਪੜ੍ਹ ਲਿਖ ਜਾਣ ਤਾਂ ਇਨ੍ਹਾਂ ਦਾ ਕੁਝ ਬਣ ਜਾਵੇਗਾ। ਧੀਏ, ਮੈਂ ਸਕੂਲ ਗਿਆ ਸੀ। ਉਨ੍ਹਾਂ ਨੇ ਇਨ੍ਹਾਂ ਨੂੰ ਦਾਖਲ ਕਰਨ ਤੋਂ ਨਾਂਹ ਕਰ ਦਿੱਤੀ ਤੇ ਮੈਨੂੰ ਇਹ ਕਹਿ ਕਿ ਭਜਾ ਦਿੱਤਾ ਕਿ ਇਹ ਨਹੀਂ ਪੜ੍ਹ ਸਕਦੀ, ਇਹਦਾ ਦਿਮਾਗ ਨਹੀਂ। ਪੁੱਤ ਮੇਰੇ ਕੋਲ ਆਹ ਇਸ ਦਾ ਆਧਾਰ ਕਾਰਡ ਹੈ। ਮੇਰੀ ਪੋਤੀ ਜਮਾਂ ਠੀਕ ਹੈ। ਮੈਂ ਦੁਬਾਰਾ ਅੱਜ ਗਿਆ ਸੀ ਤੜਕੇ ਤਾਂ ਉਨ੍ਹਾਂ ਕਿਹਾ ਕਿ ਜਨਮ ਪੱਤਰੀ ਲਿਆ ਇਹਦੀ, ਫੇਰ ਦਾਖਲ ਕਰਾਂਗੇ। ਮੈਂ ਬਹੁਤ ਵਾਰ ਮਿੰਨਤਾਂ ਤਰਲੇ ਕੀਤੇ, ਪਰ ਸਰਕਾਰੀ ਸਕੂਲ ਵਾਲਿਆਂ ਨੇ ਨਾਂਹ ਕਰ ਦਿੱਤੀ।' ਇੰਨਾ ਕਹਿ ਕੇ ਬਾਬਾ ਰੋਣ ਲੱਗ ਪਿਆ।

ਮੇਰਾ ਵੀ ਮਨ ਭਰ ਆਇਆ ਸੀ। ਮੈਂ ਆਧਾਰ ਕਾਰਡ ਦੇਖਿਆ ਤਾਂ ਬੱਚੀ ਦੀ ਜਨਮ ਤਰੀਕ 21 ਅਕਤੂਬਰ 2009 ਸੀ। ਬੱਚੀ ਦੇਖਣ ਵਿੱਚ ਬਿਲਕੁਲ ਠੀਕ ਸੀ। ਉਸ ਦੀ ਸਕੂਲ ਜਾਣ ਦੀ ਉਮਰ ਸੀ। ਬਾਬੇ ਨੂੰ ਚੁੱਪ ਕਰਾਇਆ ਤੇ ਪੁੱਛਿਆ, 'ਬਾਬਾ ਜੀ ਤੁਸੀਂ ਇਨ੍ਹਾਂ ਦੇ ਦਾਦਾ ਹੋ?'

ਬਾਬੇ ਨੇ ਆਪਣੀਆਂ ਅੱਖਾਂ ਕੁੜਤੇ ਦੀ ਬਾਂਹ ਨਾਲ ਪੂੰਝਦੇ ਹੋਏ ਕਿਹਾ, 'ਧੀਏ ਹਾਂ, ਮੈਂ ਇਨ੍ਹਾਂ ਦਾ ਦਾਦਾ ਹਾਂ। ਮੇਰਾ ਮੁੰਡਾ ਤੇ ਨੂੰਹ ਦੋਵੇਂ ਕਣਕ ਵੱਢਣ ਗਏ ਨੇ। ਪੁੱਤ ਸਾਲ ਭਰ ਦੇ ਦਾਣਿਆਂ ਦਾ ਵੀ ਇੰਤਜ਼ਾਮ ਕਰਨਾ ਹੈ। ਮੈਂ ਆਪ ਰਿਕਸ਼ਾ ਚਲਾਉਂਦਾ ਪੁੱਤ।' ਇੰਨਾ ਕਹਿ ਕੇ ਬਾਬਾ ਜੀ ਚੁੱਪ ਹੋ ਗਏ ਤੇ ਉਸ ਦੇ ਕੋਲ ਖੜੀ ਵੱਡੀ ਪੋਤੀ ਉਸ ਦੀਆਂ ਅੱਖਾਂ ਪੂੰਝਣ ਲੱਗ ਪਈ।

ਮੈਂ ਬਾਬੇ ਦਾ ਪਿੰਡ ਤੇ ਸਕੂਲ ਦਾ ਨਾਂ ਪੁੱਛਿਆ ਅਤੇ ਜ਼ਿਲਾ ਸਿੱਖਿਆ ਅਫਸਰ ਦੇ ਦਫਤਰ ਦੇ ਇਕ ਡੀਲਿੰਗ ਸਹਾਇਕ ਨੂੰ ਫੋਨ ਕੀਤਾ। ਉਨ੍ਹਾਂ ਨੂੰ ਸਾਰੀ ਗੱਲ ਦੱਸ ਕੇ ਕਿਹਾ ਕਿ ਇਨ੍ਹਾਂ ਬੱਚੀਆਂ ਦਾ ਦਾਖਲਾ ਸਕੂਲ ਵਿੱਚ ਕਰਾਇਆ ਜਾਵੇ ਤੇ ਜੇ ਕੋਈ ਪ੍ਰੇਸ਼ਾਨੀ ਹੈ ਤਾਂ ਮੈਨੂੰ ਦੱਸੀ ਜਾਵੇ।

ਉਨ੍ਹਾਂ ਮੈਨੂੰ ਕਿਹਾ, 'ਬਾਬੇ ਅਤੇ ਬੱਚੀਆਂ ਨੂੰ ਬਲਾਕ ਪ੍ਰਾਇਮਰੀ ਅਫਸਰ ਕੋਲ ਭੇਜੋ, ਮੈਂ ਹੁਣੇ ਫੋਨ ਕਰਦਾ ਹਾਂ। ਦਾਖਲਾ ਹੋ ਜਾਵੇਗਾ। ਜਿਸ ਅਧਿਆਪਕ ਨੇ ਬੱਚੀਆਂ ਦੇ ਦਾਖਲੇ ਤੋਂ ਨਾਂਹ ਕੀਤੀ ਹੈ, ਉਸ ਨੂੰ ਵੀ ਬੁਲਾ ਕੇ ਪੁੱਛਦੇ ਹਾਂ।'

ਮੈਂ ਬਾਬੇ ਨੂੰ ਦਫਤਰ ਦਾ ਪਤਾ, ਆਪਣਾ ਫੋਨ ਨੰਬਰ ਤੇ ਰਸਤੇ ਬਾਰੇ ਦੱਸਿਆ ਤੇ ਕਿਹਾ ਕਿ ਬਾਬਾ ਜੀ ਉਥੇ ਕੁਝ ਨਾ ਬਣਿਆ ਤਾਂ ਮੈਨੂੰ ਮੁੜ ਫੋਨ ਕਰਨਾ।

ਬਾਬੇ ਨੇ ਬੜੇ ਪਿਆਰ ਨਾਲ ਮੇਰਾ ਸਿਰ ਪਲੋਸਿਆ ਤੇ ਅਣਗਿਣਤ ਅਸੀਸਾਂ ਦਿੱਤੀਆਂ। ਮੈਂ ਬਾਬੇ ਨੂੰ ਸੁਭਾਵਿਕ ਹੀ ਪੁੱਛਿਆ, 'ਬਾਬਾ ਜੀ ਤੁਹਾਡੇ ਪੋਤਾ ਹੈ।'

ਬਾਬੇ ਨੇ ਦੋਵਾਂ ਬੱਚੀਆਂ ਨੂੰ ਆਪਣੇ ਕਲੇਜੇ ਨਾਲ ਲਾਉਂਦਿਆਂ ਕਿਹਾ, 'ਧੀਏ ਮੇਰੇ ਲਈ ਤਾਂ ਇਹੀ ਮੇਰੇ ਪੋਤੇ ਤੇ ਮੇਰੇ ਵਾਰਸ ਨੇ। ਇਨ੍ਹਾਂ ਦਾ ਕੁਝ ਬਣ ਜਾਵੇ ਤਾਂ ਮੈਂ ਉਸ ਰੱਬ ਨੂੰ ਮੂੰਹ ਦਿਖਾਵਾਂ। ਧੀਏ ਲੋਕ ਬੜੇ ਮਾੜੇ ਨੇ, ਕਹਿੰਦੇ ਕੀ ਕਰੇਂਗਾ ਇਨ੍ਹਾਂ ਨੂੰ ਪੜ੍ਹਾ ਕੇ। ਤੂੰ ਆਪਣੇ ਮੁੰਡੇ ਦਾ ਵਿਆਹ ਹੋਰ ਕਰਵਾ ਲੈ। ਤੁਸੀਂ ਮੁਸਲਮਾਨ ਹੋ, ਕਰਵਾ ਵੀ ਸਕਦੇ ਹੋ, ਪਰ ਪੁੱਤ ਮੇਰੀ ਨੂੰਹ ਦਾ ਕੀ ਕਸੂਰ ਹੈ। ਨਾਲੇ ਮੇਰਾ ਮੁੰਡਾ ਕਿਹੜਾ ਕਲੈਕਟਰ ਲੱਗ ਗਿਆ। ਮੇਰਾ ਘਰ ਵੀ ਮੇਰੀ ਨੂੰਹ ਦੀ ਸਮਝਦਾਰੀ ਨਾਲ ਚੱਲਦਾ। ਚੰਗਾ ਪੁੱਤ ਮੈਂ ਜੇ ਕੁਝ ਨਾ ਬਣਿਆ ਤਾਂ ਤੇਰੇ ਕੋਲ ਫੇਰ ਆਊਂਗਾ।?'

ਇੰਨਾ ਕਹਿ ਬਾਬਾ ਆਪਣੀਆਂ ਦੋਵਾਂ ਬੱਚੀਆਂ ਦੇ ਹੱਥ ਫੜ ਕਮਰੇ ਤੋਂ ਬਾਹਰ ਚਲਾ ਗਿਆ, ਪਰ ਪਿੱਛੇ ਇਕ ਸਵਾਲ ਛੱਡ ਗਿਆ ਸੀ ਕਿ ਅੱਜ ਦੀ ਦੁਨੀਆ 'ਚ ਜਿਨ੍ਹਾਂ ਕੋਲ ਸਭ ਕੁਝ ਹੈ, ਉਹ ਤਾਂ ਬੇਟੀ ਪੈਦਾ ਕਰਨ ਤੋਂ ਡਰਦੇ ਨੇ ਤੇ ਦੂਜੇ ਪਾਸੇ ਬਾਬੇ ਵਰਗੇ..। ਮੇਰਾ ਦਿਲ ਕੀਤਾ ਕਿ ਬਾਬੇ ਨੂੰ ਖੜੀ ਹੋ ਕੇ ਸਲਾਮ

# ਨਹੀਂ ਭੁੱਲਦੇ ਬਚਪਨ ਦੇ ਉਹ ਦਿਨ

-ਰਮੇਸ਼ ਸੇਠੀ ਬਾਦਲ

ਮੇਰੇ ਬਚਪਨ ਦੇ ਮੁੱਢਲੇ ਪੰਦਰਾਂ ਕੁ ਸਾਲ ਪਿੰਡ ਵਿੱਚ ਗੁਜ਼ਰੇ। ਦਸਵੀਂ ਕਰਨ ਪਿੱਛੋਂ ਮੈਂ ਸ਼ਹਿਰੀਆ ਹੋ ਗਿਆ ਸੀ। ਮੇਰਾ ਪਿੰਡ ਘੁਮਿਆਰਾ ਪੰਜਾਬ ਵਿੱਚ ਪੈਂਦਾ ਹੈ, ਪਰ ਰਾਜਸਥਾਨ ਅਤੇ ਹਰਿਆਣਾ ਦੀ ਸਰਹੱਦ ਬਹੁਤ ਦੂਰ ਨਹੀਂ। ਭਾਵੇਂ ਇਹ ਮਾਲਵਾ ਖਿੱਤੇ ਦਾ ਪੱਛੜਿਆ ਹੋਇਆ ਪਿੰਡ ਹੈ, ਪਰ ਪੰਜਾਬੀ ਸੱਭਿਅਤਾ ਦਾ ਬੇਜੋੜ ਮਾਡਲ ਹੈ। ਇਥੋਂ ਦੇ ਲੋਕ ਸੁਭਾਅ ਪੱਖੋਂ ਬਹੁਤ ਵਧੀਆ ਹਨ। ਇਸੇ ਕਰਕੇ ਮੇਰੀ ਬੋਲ ਬਾਣੀ, ਰਹਿਣੀ ਸਹਿਣੀ ਮਾਲਵੇ ਵਾਲੀ ਹੀ ਹੈ। ਸਿੱਧੀ ਗੱਲ ਕਹਿਣੀ, ਠਾਹ ਸੋਟਾ ਮਾਰਨਾ, ਕੋਈ ਵਲ ਫਰੇਬ ਨਹੀਂ ਰੱਖਣਾ, ਇਹ ਸਭ ਮੈਂ ਬਚਪਨ 'ਚ ਹੀ ਸਿੱਖਿਆ। ਅਸੀਂ ਪਿੰਡਾਂ ਵਾਲੇ ਆਪਣੇ ਆਂਢੀਆਂ ਗੁਆਂਢੀਆਂ ਨਾਲ ਆਪਣਿਆਂ ਵਾਂਗੂ ਵਰਤਦੇ ਸੀ। ਮੇਰੀ ਮਾਂ ਦੇ ਹਾਣ ਦੀਆਂ ਨੂੰ ਤਾਈ ਚਾਚੀ ਆਖਣਾ ਅਤੇ ਵੱਡੀ ਉਮਰ ਦੀਆਂ ਔਰਤਾਂ ਨੂੰ ਅੰਮਾ ਜਾਂ ਅੰਬੋ ਆਖਣਾ। ਬੰਦਿਆਂ ਨੂੰ ਚਾਚਾ ਚਾਇਆ ਜਾਂ ਬਾਬਾ ਆਖਦਾ। ਜੀ ਲਾਉਣ ਦਾ ਬਹੁਤਾ ਰਿਵਾਜ਼ ਨਹੀਂ ਸੀ। ਨਾ ਹੀ ਕਿਸੇ ਨੇ ਜੀ ਕਹਿਣ ਦੀ ਆਦਤ ਪਾਈ। ਇਸ ਲਈ ਕਦੇ ਕਿਸੇ ਨੇ ਟੋਕਿਆ ਨਾ। ਤਾਈ ਸੁਰਜੀਤ ਕੁਰ, ਤਾਈ ਧੰਨੋ, ਤਾਈ ਕੋੜੋ ਅਤੇ ਚਾਚੀ ਨਿਕੋ, ਚਾਚੀ ਜੱਸ ਕੁਰ, ਚਾਚੀ ਖੰਡ ਵਾਲੀ ਅਤੇ ਅੰਬੋ ਹਰਨਾਮ ਕੁਰ ਅਤੇ ਅੰਬੋ ਬੌਣੀ ਜਿਵੇਂ ਮੇਰੀਆਂ ਸਕੀਆਂ ਸਨ। ਮੇਰੀ ਮਾਂ ਨਾਲ ਸਭ ਦਾ ਮੋਹ ਪਿਆਰ ਤੇ ਅਪਣੱਤ ਸੀ। 'ਕਰਤਾਰ ਕੁਰੇ ਲੈ ਆਹ ਸਾਗ ਲਿਆਇਆ ਸੀ ਛਿੰਦੀ ਦਾ ਬਾਪੂ। ਤੁਸੀਂ ਰਿੰਨ੍ਹ ਲਿਉ' ਤਾਈ ਕੋੜੋ ਕਹਿੰਦੀ। ਸੁਰਜੀਤ ਕੁਰ ਘਰੋਂ ਜੇ ਲੱਸੀ ਨਾ ਲੈਣ ਜਾਂਦੇ ਤਾਂ ਉਹ ਸਾਡੇ ਲਈ ਲੱਸੀ ਸੰਭਾਲ ਕੇ ਰੱਖਦੀ। ਇਹੋ ਹਾਲ ਚਾਚੇ ਠਾਣੇ ਕੇ ਘਰ ਸੀ। ਸਾਡੇ ਲਈ ਲੱਸੀ ਅੱਡ ਰੱਖਦੇ। ਸਾਰੇ ਮੇਰਾ ਬਹੁਤ ਖਿਆਲ ਰੱਖਦੇ ਸਨ। ਵੈਸੇ



ਤਾਇਆ ਬਾਊ ਮੇਰੇ ਪਾਪਾ ਜੀ ਦਾ ਭਰਾ ਬਣਿਆ ਹੋਇਆ ਤੇ ਉਸ ਦਾ ਪਿਉ ਬਾਬਾ ਬਲਬੀਰ ਮੇਰੇ ਦਾਦੇ ਦਾ ਪਾਗੀ ਸੀ। ਮੇਰੇ ਦਾਦੇ ਦਾ ਜੰਗ ਫੌਜੀ, ਬਾਬਾ ਹਾਕਮ ਜਿਸ ਨੂੰ ਅਸੀਂ ਬਾਬਾ ਚੁਬਾਰਾ ਆਖਦੇ ਸੀ ਤੇ ਸਾਹਿਬ ਸਿੰਘ ਨੰਬਰਦਾਰ ਨਾਲ ਪੱਕਾ ਯਰਾਨਾ ਸੀ।

ਮੇਰੀ ਮਾਂ ਕਿਸੇ ਸਹੇਲੀ ਨੂੰ ਕਦੇ ਜਵਾਬ ਨਾ ਦਿੰਦੀ। ਕਰਤਾਰ ਕੁਰੇ ਅਚਾਰ ਦੀ ਫਾੜੀ ਤਾਂ ਦੇਈਂ। ਕਰਤਾਰ ਕੁਰੇ ਭੋਰਾ ਕੁ ਸਬਜ਼ੀ ਹੈਗੀ, ਬਟਾਊ ਆ ਗਿਆ। ਕਰਤਾਰ ਕੁਰੇ ਖੰਡ ਦੀ ਕੌਲੀ ਦੇ। ਜਦੋਂ ਡਿੱਪੂ ਤੋਂ ਲਿਆਂਦੀ ਮੋੜ ਜਾਂਗੀ। ਮੇਰੀ ਮਾਂ ਜਵਾਂ ਨਾ ਖਿਝਦੀ। ਕੋਈ ਨਾ, ਉਹ ਜਾਣੇ, ਆਖ ਕੇ ਮਨ ਨੂੰ ਧਰਵਾਸ ਦਿੰਦੀ। ਮਾਂ ਆਪਣੀਆਂ ਭਤੀਜੀਆਂ-ਭਾਣਜੀਆਂ ਲਈ ਦਰੀਆਂ ਤੇ ਖੇਸ ਬਣਾਉਂਦੀ। ਮੇਰੀਆਂ ਇਹੋ ਤਾਈਆਂ ਚਾਚੀਆਂ ਮੇਰੀ ਮਾਂ ਦੀ ਪੂਰੀ ਮਦਦ ਕਰਦੀਆਂ। ਜੇ ਕਦੇ ਕਿਸੇ ਕਾਰਨ ਅਸੀਂ ਮੱਝ ਲਈ ਪੱਠੇ ਚਾਰਾ ਨਾ ਲਿਆ ਸਕਦੇ ਤਾਂ ਕਿਸੇ ਨਾ ਕਿਸੇ ਘਰੋਂ ਕੁਤਰਿਆ ਹੋਇਆ ਚਾਰਾ ਆ ਜਾਂਦਾ। ਇਹ ਹੀ ਸਾਡਾ ਸੱਭਿਆਚਾਰ ਤੇ ਮੇਲ ਮਿਲਾਪ ਸੀ। ਜੇ ਕੋਈ ਸਾਡਾ ਸਾਈਕਲ ਮੰਗਵਾਂ ਲੈ ਵੀ ਜਾਂਦਾ ਤਾਂ ਅਸੀਂ ਕਿਸੇ ਨਾ ਕਿਸੇ ਦਾ ਊਠ ਬੋਤੀ ਮੰਗ ਕੇ ਮੱਝ ਲਈ ਖੇਤੋਂ ਪੱਠੇ ਲੈ ਆਉਂਦੇ। ਜਾਤ ਬਿਰਾਦਰੀ ਦੀ ਵਿਚਾਰ ਕੀਤੇ ਬਿਨਾਂ ਸਾਡਾ ਵਰਤ ਵਰਤਾਵਾ ਬਹੁਤ ਵਧੀਆ ਸੀ। ਕਿਸੇ ਨਾਲ ਕਦੇ ਗੁੱਸੇ ਹੋ ਜਾਂਦੇ ਤਾਂ ਥੋੜ੍ਹੇ ਵਕਤ ਬਾਅਦ ਦੋਵੇਂ ਧਿਰਾਂ ਉਸ ਨੂੰ ਭੁੱਲ ਜਾਂਦੀਆਂ ਤੇ ਲੀਹੋਂ ਲੱਥੀ ਗੱਡੀ ਫਿਰ ਰਿੜ੍ਹ ਪੈਂਦੀ। ਕੋਈ ਕਿਸੇ ਪ੍ਰਤੀ ਦਿਲ ਵਿੱਚ ਮੈਲ ਨਾ ਰੱਖਦਾ।

ਕੇਰਾਂ ਸਰਦੀਆਂ ਜਿਹੀਆਂ ਵਿੱਚ ਅਸੀਂ ਤਿੰਨੇ ਭੈਣ ਭਰਾ ਬਿਮਾਰ ਹੋ ਗਏ। ਉਸ ਸਾਲ ਠੰਢ ਵੀ ਬਹੁਤ ਸੀ। ਪੋਹ ਮਾਘ ਦਾ ਮਹੀਨਾ ਸੀ। ਸਾਡੀ ਸੇਵਾ ਵਿੱਚ ਲੱਗੀ ਮੇਰੀ ਮਾਂ ਨੂੰ ਵੀ ਬੁਖਾਰ ਨੇ ਆਪਣੀ ਲਪੇਟ ਵਿੱਚ ਲੈ ਲਿਆ ਤੇ ਮੇਰੀ ਮਾਂ ਨੇ ਵੀ ਮੰਜਾ ਮੱਲ ਲਿਆ। ਕਹਿੰਦੇ, ਉਸ ਨੂੰ ਨਮੂਨੀਆ ਹੋ ਗਿਆ। ਅਸੀਂ ਰੋਟੀ ਟੁੱਕ ਤੋਂ ਔਖੇ ਹੋ ਗਏ, ਪਰ ਧੰਨ ਮੇਰੀ ਮਾਂ ਦੀਆਂ ਸਹੇਲੀਆਂ ਦੇ। ਕਿਸੇ ਗੱਲ ਦੀ ਤੋਟ ਨਾ ਆਉਣ ਦਿੱਤੀ। ਅੰਬੋ ਬੌਣੀ, ਜਿਸ ਦਾ ਅਸਲ ਨਾਂ ਹਰ ਕੁਰ ਸੀ, ਜੋ ਉਸ ਦੀ ਸੱਜੀ ਬਾਂਹ 'ਤੇ ਉਕਰਿਆ ਹੋਇਆ ਸੀ, ਸਵੇਰੇ ਸ਼ਾਮ ਸਾਡਾ ਪਤਾ ਲੈਣ ਆਉਂਦੀ। ਉਸ ਦਾ ਕੱਦ ਚਾਰ ਫੁੱਟ ਦਾ ਸੀ ਤੇ ਸਾਰੇ ਉਸ ਨੂੰ ਅੰਮਾ ਬੌਣੀ ਆਖਦੇ ਸਨ। ਉਹ ਦੋਵੇਂ ਵੇਲੇ ਦਾਲ ਦੀ ਕੌਲੀ ਜ਼ਰੂਰ ਦੇ ਕੇ ਜਾਂਦੀ। ਬਹੁਤੀ ਵਾਰ ਉਹ ਚਾਰ ਰੋਟੀਆਂ ਵੀ ਆਪਣੇ ਤੰਦੂਰ ਤੋਂ ਲਾਹ ਕੇ ਦੇ ਜਾਂਦੀ। ਕਦੇ-ਕਦੇ ਮੇਰੀ ਮਾਂ ਆਟਾ ਗੁੰਨ੍ਹ ਕੇ ਭੇਜ ਦਿੰਦੀ ਤੇ ਅੰਮਾ ਬੌਣੀ ਕਿਸੇ ਨਾ ਕਿਸੇ ਨੂੰ ਕਹਿ ਕੇ ਚਾਰ ਰੋਟੀਆਂ ਲੁਹਾ ਕੇ ਘੱਲ ਦਿੰਦੀ। 'ਕੁੜੇ ਆਹ ਕੀ ਕੜਿਆੜਾਂ ਵਾਲੀ ਪਤਲੀ ਜਿਹੀ ਰਜਾਈ ਲਈ ਪਈ ਹੈ। ਇਸ ਨਾਲ ਪਾਲਾ ਕਿਵੇਂ ਰੁਕੂ?' ਇਕ ਦਿਨ ਕੁਵੇਲੇ ਜਿਹੇ ਦਾਲ ਦੀ ਕੌਲੀ ਦੇਣ ਆਈ ਅੰਮਾ ਬੌਣੀ ਨੇ ਮੇਰੀ ਮਾਂ ਨੂੰ ਟੋਕਿਆ। ਕਿਉਂਕਿ ਮੇਰੀ ਮਾਂ ਕੋਲ ਹੋਲੀ ਜਿਹੀ ਰਜਾਈ ਸੀ, ਜਿਸ ਉੱਤੇ ਚਿੱਟਾ ਗਿਲਾਫ ਚੜ੍ਹਿਆ ਸੀ। ਮੇਰੀ ਮਾਂ ਚੁੱਪ ਕਰ ਗਈ। ਉਹ ਕੁਝ ਨਾ ਬੋਲੀ। ਅੰਮਾ ਬੌਣੀ ਵੀ ਮੇਰੀ ਮਾਂ ਦੀ ਮਜਬੂਰੀ ਸਮਝ ਗਈ। ਅਗਲੇ ਦਿਨ ਅੰਮਾ ਬੌਣੀ ਘਰ ਦੀ ਬਣੀ ਦੋਹਰ ਲੈ ਆਈ ਤੇ ਉਸ ਦੀ ਰਜਾਈ ਸਿਊ ਕੇ ਨਗੰਦ ਦਿੱਤੀ। ਦੋਹਰ ਘਰ ਦੇ ਬਣੇ ਖੇਸ ਵਰਗੀ ਹੁੰਦੀ ਹੈ। ਸਾਨੂੰ ਰੇਸ਼ਮੀ ਰਜਾਈਆਂ ਲੈਣ ਵਾਲੀਆਂ ਨੂੰ ਮੋਟੀ ਸੂਤੀ ਰਜਾਈ ਦੇ ਗੁਣਾਂ ਦਾ ਕੀ ਪਤਾ। ਸੱਚੀ ਉਹ ਰਜਾਈ ਜਾਦੂਈ ਸੀ। ਉਸ ਵਿੱਚ ਭੋਰਾ ਵੀ ਠੰਢ ਨਹੀਂ ਸੀ ਲੱਗਦੀ। ਬਾਅਦ ਵਿੱਚ ਮੇਰੀ ਮਾਂ ਨੇ ਅੰਮਾ ਨੂੰ ਦੋਹਰ ਦੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ, ਪਰ ਅੰਮਾ ਨੇ ਪੈਸੇ ਨਾ ਲਏ। 'ਮੈਂ ਤਾਂ ਨਹੀਂ ਇਹ ਪੈਸੇ ਲੈਣੇ। ਮੈਂ ਕਿਹੜਾ ਕਿਤੋਂ ਮੁੱਲ ਲਿਆਂਦੀ ਹੈ। ਇਹ ਤਾਂ ਮੈਨੂੰ ਮਿਲੀ ਸੀ।' ਅੰਮਾ ਦਾ ਇਹੋ ਜਵਾਬ ਸੀ। ਦਰਅਸਲ ਅੰਮਾ ਪਿੰਡ ਵਿੱਚ ਵਿਚੋਲਗਿਰੀ ਦਾ ਕੰਮ ਵੀ ਕਰਦੀ ਸੀ।

ਕਿਸੇ ਨਾ ਕਿਸੇ ਦਾ ਰਿਸ਼ਤਾ ਕਰਾਈ ਰੱਖਦੀ ਤੇ ਅੰਮਾ ਨੂੰ ਖੇਸ ਕੰਬਲ ਵਾਧੂ ਜੁੜ ਜਾਂਦੇ ਸਨ। ਚਾਹੇ ਤਕਰੀਬਨ ਹਰ ਰਿਸ਼ਤੇ ਵਿੱਚ ਅੰਮਾ ਨੂੰ ਗਾਲਾਂ ਮਿਲਦੀਆਂ, ਪਰ ਅੰਮਾ ਫਿਰ ਵੀ ਕੋਈ ਨਾ ਕੋਈ ਭੇੜ ਭਿੜਾਈ ਰੱਖਦੀ। ਅੰਮਾ ਬੌਣੀ ਸਾਡੇ ਵਿਰਸੇ ਤੇ ਸੱਭਿਆਚਾਰ ਦੀ ਮਿਸਾਲ ਸੀ। ਹੁਣ ਜਦ ਉਨ੍ਹਾਂ ਪੁਰਾਣੇ ਵੇਲਿਆਂ ਨੂੰ ਯਾਦ ਕਰੀਦਾ ਹੈ ਤਾਂ ਮੌਜੂਦਾ ਸਮੇਂ ਦੀ ਚਮਕ ਦਮਕ ਫਿੱਕੀ ਲੱਗਦੀ ਹੈ। ਉਦੋਂ ਭਾਈਚਾਰਕ ਸਾਂਝ ਤੇ ਇਕ ਦੂਜੇ ਦਾ ਦੁੱਖ ਦਰਦ ਆਪਣਾ ਦੁੱਖ ਸਮਝਿਆ ਜਾਂਦਾ ਸੀ, ਹੁਣ ਉਹ ਗੱਲਾਂ ਕਿੱਥੇ ਰਹੀਆਂ। ਇਨਸਾਨ ਵਿੱਚ ਸਵਾਰਥ ਇੰਨਾ ਵਧ ਚੁੱਕਾ ਹੈ ਕਿ ਆਪਣੇ ਸਕੇ ਸਬੰਧੀਆਂ ਤੇ ਕਰੀਬੀ ਰਿਸ਼ਤਿਆਂ ਦੀ ਪ੍ਰਵਾਹ ਨਹੀਂ ਕਰਦਾ, ਹੋਰਾਂ ਦਾ ਕੀ ਕਰੂ। ਕਾਸ਼! ਉਹੀ ਭਾਈਚਾਰਕ ਸਾਂਝ

# ਕਿੱਧਰ ਨੂੰ ਜਾ ਰਿਹੈ ਅਜੋਕਾ ਮਨੁੱਖ?

-ਡਾ. ਪਰਮਜੀਤ ਸਿੰਘ ਕੱਟੂ



ਮੈਂ ਬੀ ਏ ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ ਪੁੱਛਿਆ, ਬਈ ਇਹ ਦੱਸੋ, ਇਹ ਆਲੋਚਨਾ ਕੀ ਹੁੰਦੀ ਹੈ? ਕਹਿੰਦੇ, ਸਰ ਜੀ! ਆਲੋਚਨਾ ਦਾ ਮਤਲਬ ਨਿੰਦਾ ਕਰਨਾ ਹੁੰਦਾ ਹੈ। ਮੇਰੇ ਲਈ ਇਹ ਉਤਰ ਕੋਈ ਹੈਰਾਨ ਕਰਨ ਵਾਲਾ ਨਹੀਂ ਸੀ, ਕਿਉਂਕਿ ਅਸੀਂ ਹੋ ਹੀ ਇਹੋ ਜਿਹੇ ਗਏ ਹਾਂ। ਅੱਜ ਕੱਲ੍ਹ ਪ੍ਰਸ਼ੰਸਾ ਦਾ ਭਾਵ ਚਾਪਲੂਸੀ ਹੋ ਗਿਆ ਤੇ ਆਲੋਚਨਾ ਦਾ ਮਤਲਬ ਨਿੰਦਿਆ। ਮੇਰੇ ਮਨ ਵਿੱਚ ਇਕ ਸਵਾਲ ਆਇਆ ਕਿ ਆਖਰ ਬੰਦਾ ਭਲਾ ਬਣਦਾ ਕੀ ਜਾ ਰਿਹੈ? ਸਿਆਣੇ ਆਖਦੇ ਕਿ ਬੰਦਾ, ਬੰਦਾ ਬਣਿਆ ਰਹੇ ਤਾਂ ਚੰਗੈ। ਬੰਦੇ ਨੂੰ ਹਾਲੇ ਤੱਕ ਪਰਿਭਾਸ਼ਤ ਨਹੀਂ ਕੀਤਾ ਜਾ ਸਕਿਆ। ਏਸੇ ਲਈ ਨਿਦਾ ਫਾਜ਼ਲੀ ਨੇ ਲਿਖਿਆ ਸੀ:

'ਹਰ ਆਦਮੀ ਮੇਂ ਹੋਤੇ ਹੈਂ ਦਸ ਬੀਸ ਆਦਮੀ,
ਜਿਸੇ ਭੀ ਦੇਖਨਾ, ਬਾਰ-ਬਾਰ ਦੇਖਨਾ।'

ਸਿਆਣੇ ਬੰਦਿਆਂ ਦੀਆਂ ਤਿੰਨ ਮੁੱਖ ਵਿਸ਼ੇਸ਼ਤਾਵਾਂ ਦੱਸਦੇ ਨੇ। ਅਖੇ ਜਿਹੜੇ ਬੰਦੇ ਹੋਰਨਾਂ ਬਾਰੇ ਗੱਲਬਾਤ ਕਰਦੇ ਰਹਿਣ, ਉਹ ਸਭ ਤੋਂ ਹੇਠਲੀ ਕਿਸਮ ਦੇ ਹੁੰਦੇ ਹਨ। ਜਿਹੜੇ ਆਪਸ ਵਿੱਚ ਮਿਲਣ ਵੇਲੇ ਘਟਨਾਵਾਂ ਦੀ ਬਹਿਸ ਕਰਨ, ਉਹ ਮੱਧਮ ਦਰਜੇ ਦੇ ਬੰਦੇ ਹੁੰਦੇ ਹਨ ਤੇ ਜਿਹੜੇ ਵਿਚਾਰਾਂ ਬਾਰੇ ਚਰਚਾ ਕਰਨ, ਉਹ ਸਭ ਤੋਂ ਵਧੀਆ ਬੰਦੇ ਮੰਨੇ ਜਾਂਦੇ ਹਨ। ਅੱਜ ਕੱਲ੍ਹ ਬਹੁਤੇ ਬੰਦੇ ਆਪਸ ਵਿੱਚ ਮਿਲਣ ਵੇਲੇ ਹੋਰਨਾਂ ਬੰਦਿਆਂ ਦੀਆਂ ਚੀਜ਼ਾਂ ਬਾਰੇ ਗੱਲਾਂ ਵਿੱਚ ਰੁੱਝੇ ਰਹਿੰਦੇ ਹਨ। ਮਸਲਨ ਉਹ ਕਹਿਣਗੇ, ਫਲਾਣੇ ਕੋਲ ਮੋਬਾਈਲ ਕਿਹੜਾ ਜਾਂ ਫਲਾਣੇ ਨੇ ਕੱਪੜੇ ਕਿਹੋ ਜਿਹੇ ਪਾਏ ਹਨ, ਵਗੈਰਾ-ਵਗੈਰਾ। ਕਦੇ ਇਹ ਇਲਜ਼ਾਮ ਔਰਤਾਂ 'ਤੇ ਲੱਗਦਾ ਸੀ ਕਿ ਔਰਤਾਂ ਚੁਗਲੀਆਂ ਕਰਦੀਆਂ ਹਨ, ਪਰ ਹੁਣ ਇਹ ਸਿਹਰਾ ਵੀ ਬੰਦਿਆਂ ਦੇ ਸਿਰ ਬੱਝਾ ਹੋਇਆ ਹੈ।

ਹੁਣ ਚਿਹਰਿਆਂ ਉੱਤੇ ਮੁਸਕਰਾਹਟ ਨਹੀਂ ਰਹੀ, ਖਚਰੇ ਹਾਸੇ ਦਾ ਪਹਿਰਾ ਰਹਿੰਦਾ ਹੈ। ਬੰਦਿਆਂ ਦਾ ਵਿਹਾਰ ਐਨਾ ਨਾਂਹ ਪੱਖੀ ਹੋ ਚੁੱਕਾ ਹੈ ਕਿ ਹਾਂ ਪੱਖੀ ਵਿਚਾਰਾਂ ਨੂੰ ਸਾਡੇ ਮਨਾਂ ਵਿੱਚ ਪਾਉਣਾ ਪੂਰੇ ਦੇ ਪੂਰਾ ਬਿਜ਼ਨਸ ਬਣ ਚੁੱਕਾ ਹੈ। ਅਸੀਂ ਜਦ ਕਿਸੇ ਬਾਰੇ ਬੁਰਾ ਸੋਚਦਾ ਹਾਂ ਤਾਂ ਸਭ ਤੋਂ ਵੱਧ ਬੁਰਾ ਅਸਰ ਆਪਣੇ ਆਪ 'ਤੇ ਹੁੰਦਾ ਹੈ।

ਏਥੇ ਮੈਨੂੰ ਜਾਪਾਨੀ ਵਿਗਿਆਨੀ ਇਮੋਟੋ ਮਸੂਰੋ ਯਾਦ ਆ ਰਿਹਾ ਹੈ। ਮਸੂਰੋ ਨੇ ਪਾਣੀਆਂ ਬਾਰੇ ਬਹੁਤ ਮਹੱਤਵ ਪੂਰਨ ਖੋਜ ਕੀਤੀ ਹੈ, ਜਿਸ ਦਾ ਸਬੰਧ ਕਿਣਕੇ ਤੋਂ ਕਾਇਨਾਤ ਹਰ ਕਿਸੇ ਨਾਲ ਹੈ। ਇਸ ਖੋਜ ਦੀ ਕਥਾ ਇਹ ਹੈ ਕਿ ਇਮੋ-ਟੋ ਮਸੂਰੋ ਨੇ ਕੈਮਰੇ ਬਣਾਉਣ ਵਾਲੀ ਇਕ ਕੰਪਨੀ ਤੋਂ ਐਸਾ ਲੈਨਜ਼ ਬਣਵ-ਾਇਆ ਜਿਸ ਨਾਲ ਪਾਣੀ ਦੇ ਛੋਟੇ ਤੋਂ ਛੋਟੇ ਅਣੂ ਦੀ ਫੋਟੋ ਖਿੱਚੀ ਜਾ ਸਕੇ। ਉਸ ਨੇ ਦੁਨੀਆ ਭਰ ਵਿੱਚੋਂ ਪਾਣੀ ਦੇ ਨਮੂਨੇ ਲੈ ਕੇ ਪਾਣੀ ਦੇ ਅਣੂ ਦੀਆਂ ਫੋਟੋਆਂ ਖਿੱਚੀਆਂ। ਇਹ ਫੋਟੋਆਂ ਹੈਰਾਨ ਕਰਨ ਵਾਲੇ ਬਹੁਤ ਖੂਬਸੂਰਤ ਕ੍ਰਿਸਟਲ (ਜਿਵੇਂ ਸ਼ੀਸ਼ੇ ਜਾਂ ਹੀਰੇ ਦੇ ਰੇਸ਼ੇ ਹੁੰਦੇ ਹਨ) ਸਨ। ਉਸ ਨੇ ਇਸ ਤੋਂ ਵੀ ਅੱਗੇ ਇਹ ਖੋਜ ਕੀਤੀ ਕਿ ਪਾਣੀ 'ਤੇ ਆਲੇ ਦੁਆਲੇ ਦਾ ਕੀ ਅਸਰ ਹੁੰਦਾ ਹੈ। ਇਸ ਲਈ ਉਸ ਨੇ ਇਕੋ ਤਰ੍ਹਾਂ ਦੇ ਪਾਣੀ ਕੋਲ ਪਹਿਲਾਂ ਚੰਗੇ ਵਿਚਾਰ ਤੇ ਸੰਗੀਤ ਦੀਆਂ ਚੰਗੀਆਂ ਵੰਨਗੀਆਂ ਦੀਆਂ ਪੇਸ਼ਕਾਰੀਆਂ ਕੀਤੀਆਂ ਤਾਂ ਪਾਣੀ ਦੇ ਅਣੂ ਹੋਰ-ਹੋਰ ਸੋਹਣੇ ਹੁੰਦੇ ਗਏ। ਦੂਜੀ ਵਾਰ ਇਸੇ ਪਾਣੀ ਕੋਲ ਬੁਰੇ ਵਿਚਾਰ ਅਤੇ ਸੰਗੀਤ ਦੇ ਨਾਂ ਉੱਤੇ ਹੁੰਦੇ ਸ਼ੋਰ ਦੀਆਂ ਪੇਸ਼ਕਾਰੀਆਂ ਕੀਤੀਆਂ ਤਾਂ ਇਹ ਪਾਣੀ ਦੇ ਅਣੂ ਇਕ ਤਰ੍ਹਾਂ ਨਾਲ ਕਾਲੇ ਰੰਗ ਦੇ ਹੁੰਦੇ ਗਏ ਤੇ ਕਈਆਂ ਵਿੱਚ ਵਿਸਫੋਟ ਹੋ ਗਏ। ਬਾਅਦ ਵਿੱਚ ਚੰਗੇ ਵਿਚਾਰ ਤੇ ਸੰਗੀਤ ਦੀਆਂ ਬਿਹਤਰੀਨ ਵੰਨਗੀਆਂ ਮੁੜ ਉਨ੍ਹਾਂ ਨੂੰ ਪਹਿਲਾਂ ਜਿੰਨੇ ਚੰਗੇ ਨਾ ਬਣਾ ਸਕੀਆਂ।

ਸਾਡੇ ਮਨੁੱਖੀ ਸਰੀਰ ਵਿੱਚ ਔਸਤ ਸੱਤਰ ਫੀਸਦੀ ਪਾਣੀ ਹੁੰਦਾ ਹੈ ਤੇ ਸੱਤਰ ਫੀਸਦੀ ਦੇ ਲਗਭਗ ਇਸ ਧਰਤੀ 'ਤੇ ਪਾਣੀ ਹੈ। ਇਸ ਲਈ ਅਸੀਂ ਜਿਹੋ ਜਿਹੇ ਵਿਚਾਰਾਂ ਅਤੇ ਮਾਹੌਲ ਵਿੱਚ ਰਹਿੰਦੇ ਹਾਂ, ਉਹੋ ਜਿਹੇ ਬਣ ਜਾਂਦੇ ਹਾਂ। ਮੈਨੂੰ ਇਹ ਰਾਜ਼ ਵੀ ਪਤਾ ਲੱਗਾ ਕਿ ਪਵਿੱਤਰ ਵਿਚਾਰਾਂ ਅਤੇ ਸੰਗੀਤ ਕੋਲ ਰੱਖਿਆ ਪਾਣੀ, ਜਲ ਕਿਵੇਂ ਹੋ ਜਾਂਦਾ ਹੈ ਤੇ ਉਹ ਸੁਆਦ ਕਿਉਂ ਹੁੰਦਾ ਹੈ। ਇਸ ਦੇ ਨਾਲ ਵੱਡੀਆਂ ਹਸਤੀਆਂ ਦੇ ਨੂਰਾਨੀ ਚਿਹਰਿਆਂ ਦੀ ਕਹਾਣੀ ਵੀ ਸਮਝ ਆ ਗਈ। ਅਸੀਂ ਆਪਣੇ ਆਪ ਨਾਲ ਦਗਾ ਕਰਨ ਲੱਗ ਪਏ ਹਾਂ। ਆਪਣੇ ਪਾਣੀ ਦੇ ਕ੍ਰਿਸਟਲ ਆਪੇ ਖਰਾਬ ਕਰ ਰਹੇ ਹਾਂ। ਇਸ ਤਰ੍ਹਾਂ ਲੱਗਣ ਲੱਗ ਪਿਆ ਹੈ, ਜਿਵੇਂ ਪੁਰਾਣਾਂ ਦੀ ਕਥਾ ਵਿੱਚੋਂ ਉਹ ਬੰਦਾ ਸਾਰਿਆਂ ਵਿੱਚ ਪ੍ਰਵੇਸ਼ ਕਰ ਗਿਆ ਹੋਵੇ, ਜਿਸ ਨੂੰ ਇਹ ਵਰਦਾਨ ਮਿਲਿਆ ਸੀ ਕਿ ਉਹ ਜੋ ਮੰਗੇਗਾ, ਗੁਆਂਢੀ ਨੂੰ ਦੁੱਗਣਾ ਮਿਲੇਗਾ।

ਕਥਾ ਦੱਸਦੀ ਹੈ ਕਿ ਉਸ ਬੰਦੇ ਨੇ ਈਰਖਾ ਵਸ ਪਹਿਲਾਂ ਇਹ ਮੰਗਿਆ ਕਿ ਉਸ ਦੀ ਇਕ ਅੱਖ ਖਰਾਬ ਹੋ ਜਾਵੇ, ਭਾਵ ਕਾਣਾ ਹੋ ਜਾਵੇ ਤੇ ਗੁਆਂਢੀਆਂ ਦੀਆਂ ਦੋਵੇਂ ਅੱਖਾਂ ਖਰਾਬ ਹੋ ਗਈਆਂ। ਫਿਰ ਉਸ ਬੰਦੇ ਨੇ ਮੰਗਿਆ ਕਿ ਉਸ ਦੇ ਘਰ ਅੱਗੇ ਇਕ ਖੂਹ ਪੁੱਟਿਆ ਜਾਵੇ ਤਾਂ ਗੁਆਂਢੀ ਦੇ ਘਰ ਅੱਗੇ ਦੋ ਖੂਹ ਪੁੱਟੇ ਗਏ। ਆਖਰ ਅਸੀਂ ਕਦੋਂ ਤੱਕ ਆਪ ਕਾਣੇ ਹੋਣ ਤੇ ਦੂਜਿਆਂ ਨੂੰ ਅੰਨ੍ਹੇ ਕਰਨ ਦੇ ਵਰ ਮੰਗਦੇ ਤੇ ਤਰਕੀਬਾਂ ਘੜਦੇ ਰਹਾਂਗੇ? ਕੀ ਤੁਸੀਂ ਕਿਸੇ ਐਸੇ ਬੰਦੇ ਨੂੰ ਜਾਣਦੇ ਹੋ, ਜਿਸ ਨੇ ਦੂਜਿਆਂ ਦਾ ਬੁਰਾ ਕੀਤਾ ਹੋਵੇ ਤੇ ਉਸ ਦਾ ਆਪਣਾ ਭਲਾ ਹੋਇਆ ਹੋਵੇ? 'ਕਰ ਭਲਾ ਹੋ ਭਲਾ' ਦਾ ਵਿਚਾਰ ਹੁਣ 'ਕਰ ਬੁਰਾ ਹੋ ਬੁਰਾ' ਵਿੱਚ ਬਦਲ ਗਿਆ ਹੈ।

ਇਹ ਅਸਰ ਹਰ ਪਾਸੇ ਦੇਖਣ ਨੂੰ ਮਿਲਦਾ ਹੈ। ਇਹੋ ਕਾਰਨ ਹੈ ਕਿ ਇਨਸਾਨ ਅਸਲ ਖੁਸ਼ੀ ਤੋਂ ਕੋਹਾਂ ਦੂਰ ਹੋ ਚੁੱਕਾ ਹੈ। ਉਹ ਚਮਕ ਦਮਕ ਵਾਲੀ ਜ਼ਿੰਦਗੀ ਵਿੱਚ ਇਸ ਕਦਰ ਖੁੱਭ ਗਿਆ ਹੈ ਕਿ ਉਸ ਨੂੰ ਅਸਲੀ ਖੁਸ਼ੀ ਨਹੀਂ ਮਿਲ ਰਹੀ। ਉਹ ਆਪਣੇ ਸਵਾਰਥ ਪੂਰੇ ਕਰਨ ਲਈ ਕਿਸੇ ਵੀ ਹੱਦ ਤੱਕ ਜਾਂਦਾ ਹੈ। ਖਾਹਿਸ਼ਾਂ ਇੰਨੀਆਂ ਵਧਾ ਲਈਆਂ ਹਨ ਜੋ ਉਸ ਨੂੰ ਦੁਖੀ ਕਰ ਰਹੀਆਂ ਹਨ। ਦੂਜੇ ਦੀ ਅਮੀਰੀ ਦੇਖ ਕੇ ਸੜੀ ਜਾਣਾ ਬਹੁਤੇ ਬੰਦਿਆਂ ਦੀ ਫਿਤਰਤ ਹੈ। ਉਹ ਭੁੱਲ ਜਾਂਦੇ ਹਨ ਕਿ ਅਸਲੀ ਖੁਸ਼ੀ ਤੇ ਸੁੱਖ ਤਾਂ ਸਬਰ ਸੰਤੋਖ ਵਿੱਚ ਹੈ। ਜੇ ਧਨ ਦੌਲਤ ਨਾਲ ਖੁਸ਼ੀ ਮਿਲਦੀ ਤਾਂ ਸਾਰੇ ਰਈਸ ਲੋਕਾਂ ਦੇ ਚਿਹਰੇ ਖਿੜੇ ਰਹਿੰਦੇ। ਹਕੀਕਤ ਇਹ ਹੁੰਦੀ ਹੈ ਕਿ ਉਹ ਲੋਕ ਤਾਂ ਚੱਲਦੀ ਫਿਰਦੀ ਮਸ਼ੀਨ ਬਣੇ ਹੁੰਦੇ ਹਨ। ਪਰੇਸ਼ਾਨੀਆਂ ਕਾਰਨ ਰਾਤ ਨੂੰ ਨੀਂਦ ਨਹੀਂ ਆਉਂਦੀ ਤਾਂ ਨੀਂਦ ਦੀਆਂ ਗੋਲੀਆਂ ਖਾਣੀਆਂ ਪੈਂਦੀਆਂ ਹਨ। ਕਿਹਾ ਵੀ ਗਿਆ ਹੈ ਕਿ ਜਿੱਡੇ ਵੱਡੇ ਸਿਰ, ਓਡੀਆਂ ਸਿਰ ਪੀੜਾਂ। ਹਾਲਤ ਇਸ ਕਦਰ ਨਿਰਾਸ਼ਤਾ ਵਾਲੇ ਹੋ ਗਏ ਹਨ ਕਿ ਪੰਜਾਬੀ ਦੇ ਗ਼ਜ਼ਲਗੋ ਕਵਿੰਦਰ ਚਾਂਦ ਨੇ ਲਿਖਿਆ ਹੈ:

'ਅਸੀਂ ਤਾਂ ਰੁਤਬਿਆਂ ਦਾ ਜ਼ਿਕਰ ਸੁਣ ਕੇ ਮਿਲਣ ਆਏ ਸਾਂ,
ਬੜੇ ਬੌਣੇ ਜਿਹੇ ਬੰਦੇ ਮਿਲੇ ਸ਼ਖਸੀਅਤਾਂ ਓਹਲੇ।'

# ਮੇਰਾ ਸ਼ਬਾਬ ਭੀ ਲੌਟਾ ਦੋ ਮੇਰੇ ਮੇਹਰ ਕੇ ਸਾਥ...

-ਪ੍ਰੋ. ਦਰਬਾਰੀ ਲਾਲ

ਭਾਰਤ ਦੀ ਸੁਪਰੀਮ ਕੋਰਟ ਦੇ ਸਾਹ-ਮਣੇ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਬੜਾ ਨਾਜ਼ੁਕ ਤੇ ਸੰਵੇਦਨਸ਼ੀਲ 'ਤੀਹਰੇ ਤਲਾਕ' ਦਾ ਕੇਸ ਆਇਆ ਹੈ। ਦੋਵਾਂ ਧਿਰਾਂ ਨੇ ਆਪਣੇ ਨਾਮੀ ਵਕੀਲਾਂ ਨਾਲ ਅਦਾਲਤ ਅੱਗੇ ਬੜੇ ਵਿਵੇਕਸ਼ੀਲ ਅਤੇ ਵਿਸ਼ਲੇਸ਼ਣਾਤਮਕ ਢੰਗ ਨਾਲ ਵਿਚਾਰ ਰੱਖੇ ਹਨ। ਮੁਸਲਿਮ ਪਰਸਨਲ ਲਾਅ ਬੋਰਡ ਨੇ ਵੀ ਆਪਣੀਆਂ ਦਲੀਲਾਂ ਨਾਲ ਜੱਜਾਂ ਨੂੰ ਪ੍ਰਭਾਵਤ ਕਰਨ ਵਿੱਚ ਕਸਰ ਨਹੀਂ ਛੱਡੀ ਅਤੇ ਮਹਿਲਾ ਸੰਗਠਨਾਂ ਨੇ ਔਰਤਾਂ 'ਤੇ ਹੋ ਰਹੇ ਇਸ ਜ਼ੁਲਮ ਦੀ ਦਰਦਨਾਕ ਦਾਸਤਾਨ ਨੂੰ ਜੱਜਾਂ ਸਾਹਮਣੇ ਵਿਸਥਾਰ ਨਾਲ ਰੱਖਿਆ ਹੈ। ਕੇਂਦਰ ਸਰਕਾਰ ਨੇ ਸੰਵਿਧਾਨ ਵੱਲੋਂ ਦਿੱਤੇ ਗਏ ਮੌਲਿਕ ਅਧਿਕਾਰਾਂ, ਜਿਨ੍ਹਾਂ ਵਿੱਚ ਬਿਨਾਂ ਕਿਸੇ ਵਿਤਕਰੇ ਦੇ ਸਭ ਨੂੰ ਬਰਾਬਰੀ ਤੇ ਆਜ਼ਾਦੀ ਦਾ ਅਧਿਕਾਰ ਹਾਸਲ ਹੈ, ਦੇ ਤਹਿਤ ਆਪਣੀ ਰਾਏ ਰੱਖੀ ਹੈ। ਪੂਰਾ ਦੇਸ਼ ਹੁਣ ਉਤਾਵਲਾ ਹੋ ਕੇ ਉਡੀਕ ਕਰ ਰਿਹਾ ਹੈ ਕਿ ਭਾਰਤ ਦੀਆਂ ਮੁਸਲਿਮ ਧੀਆਂ ਨਾਲ ਹੋ ਰਹੀ ਇਸ ਬੇਇਨਸਾਫੀ ਉੱਤੇ ਨਿਆਂ ਪਾਲਿਕਾ ਕੀ ਫੈਸਲਾ ਲੈਂਦੀ ਹੈ।

ਜੇ ਇਹ ਫੈਸਲਾ ਮੁਸਲਿਮ ਔਰਤਾਂ ਦੇ ਹੱਕ ਵਿੱਚ ਆਉਂਦਾ ਹੈ ਤਾਂ ਯਕੀਨੀ ਤੌਰ ਉੱਤੇ ਭਾਰਤ ਦੀਆਂ ਮੁਸਲਿਮ ਧੀਆਂ ਨੂੰ ਤੀਹਰੇ ਤਲਾਕ ਦੇ ਇਸ ਜ਼ੁਲਮ ਤੋਂ ਛੁਟਕਾਰਾ ਮਿਲ ਜਾਵੇਗਾ ਤੇ ਇਹ ਇਤਿਹਾਸਕ ਫੈਸਲਾ ਹੋਵੇਗਾ। ਇਸ ਨਾਲ ਔਰਤਾਂ ਦੇ ਪਰਵਾਰਕ ਜੀਵਨ ਵਿੱਚ ਸਥਿਰਤਾ ਆਏਗੀ।

ਉਤਰਾਖੰਡ ਦੀ ਸਾਇਰਾ ਬਾਨੋ ਨੇ ਨਿਆਂ ਪਾਲਿਕਾ ਵਿੱਚ ਤੀਹਰੇ ਤਲਾਕ, ਨਿਕਾਹ ਹਲਾਲਾ ਅਤੇ ਇੱਕ ਤੋਂ ਵੱਧ ਵਿਆਹ ਵਰਗੀਆਂ ਬੁਰੀਆਂ ਰੀਤਾਂ ਨੂੰ ਹਮੇਸ਼ਾ ਲਈ ਖਤਮ ਕਰਨ ਵਾਸਤੇ ਪਟੀਸ਼ਨ ਦਾਇਰ ਕੀਤੀ ਹੈ। ਨਿਆਂ ਪਾਲਿਕਾ ਨੇ ਕੇਂਦਰ ਨਾਲ ਸੰਪਰਕ ਕੀਤਾ ਤੇ ਨਾਲ ਹੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਸ ਸਮੇਂ ਸਿਰਫ ਤੀਹਰੇ ਤਲਾਕ ਦੇ ਮੁੱਦੇ 'ਤੇ ਹੀ ਵਿਚਾਰ ਕਰੇਗੀ।

ਅਸਲ 'ਚ ਤੀਹਰਾ ਤਲਾਕ ਗੈਰ ਕੁਰਾਨੀ ਅਤੇ ਗੈਰ ਇਸਲਾਮਕ ਹੈ, ਅਣਮਨੁੱਖੀ ਜ਼ੁਲਮ ਦੀ ਹੱਦ ਹੈ। ਪਵਿੱਤਰ ਕੁਰਾਨ ਸ਼ਰੀਫ ਵਿੱਚ ਕਿਸੇ ਵੀ ਜਗ੍ਹਾ ਅਜਿਹੇ ਤੀਹਰੇ ਤਲਾਕ ਦਾ ਜ਼ਿਕਰ ਨਹੀਂ ਹੈ, ਸਗੋਂ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਇੱਕ ਚੰਗੇ ਤੇ ਮਜ਼ਬੂਤ ਪਰਵਾਰ ਦੇ ਹੱਕ ਵਿੱਚ ਸਨ। ਇਹ ਬੁਰਾਈ ਇਸਲਾਮ ਦੇ ਖਲੀਫਾ ਹਜ਼ਰਤ ਉਮਰ ਦੇ ਜ਼ਮਾਨੇ ਵਿੱਚ ਸ਼ੁਰੂ ਹੋਈ ਤੇ ਇਸ ਨੂੰ ਉਨ੍ਹਾਂ ਨੇ ਖਤਮ ਵੀ ਕਰ ਦਿੱਤਾ ਸੀ, ਪਰ ਸਮਾਂ ਬੀਤਣ ਉੱਤੇ ਇਸ ਬੁਰਾਈ ਨੇ ਮੁਸਲਿਮ ਸਮਾਜ ਵਿੱਚ ਆਪਣੀ ਇੱਕ ਥਾਂ ਬਣਾ ਲਈ, ਜੋ ਹੁਣ ਤੱਕ ਭਾਰਤ ਵਿੱਚ ਬਿਨਾਂ ਕਿਸੇ ਰੋਕ ਟੋਕ ਦੇ ਪਰਵਾਰਕ ਸੰਸਥਾ ਨੂੰ ਤਬਾਹ ਤੇ ਬਰਬਾਦ ਕਰਨ 'ਤੇ ਉਤਾਰੂ ਹੈ।

ਤੀਹਰਾ ਤਲਾਕ ਗੈਰ ਇਸਲਾਮਕ ਵੀ ਹੈ ਕਿਉਂਕਿ ਜੇ ਇਹ ਗੈਰ ਇਸਲਾਮਕ ਨਾ ਹੁੰਦਾ ਤਾਂ ਮੁਸਲਿਮ ਬਹੁਲਤਾ ਵਾਲੇ ਲੋਕ ਇਸ ਨੂੰ ਕਦੇ ਖਤਮ ਨਾ ਕਰਦੇ। ਇਤਿਹਾਸ ਗਵਾਹ ਹੈ ਕਿ ਮਿਸਰ ਨੇ 1929, ਸੁਡਾਨ ਨੇ 1935, ਸ੍ਰੀਲੰਕਾ ਨੇ 1951, ਸੀਰੀਆ ਨੇ 1953, ਪਾਕਿ-ਸਤਾਨ ਨੇ 1962, ਬੰਗਲਾ ਦੇਸ਼ ਨੇ 1971 ਅਤੇ 16 ਹੋਰ ਮੁਸਲਿਮ ਦੇਸ਼ਾਂ ਨੇ ਇਸ ਸਮਾਜਕ ਬੁਰਾਈ ਨੂੰ ਬਾਅਦ ਵਿੱਚ ਕਾਨੂੰਨ ਦੇ ਜ਼ਰੀਏ ਖਤਮ ਕਰ ਦਿੱਤਾ ਹੈ ਅਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿੱਤੇ ਹਨ। ਭਾਰਤ ਵਿੱਚ ਮੁਸਲਿਮ ਧੀਆਂ ਨੂੰ ਬਰਾਬਰੀ ਦੇ ਅਧਿਕਾਰ ਤੋਂ ਵਾਂਝੀਆਂ ਰੱਖਣਾ ਲੋਕਤੰਤਰ 'ਤੇ ਇੱਕ ਬਦਨੁਮਾ ਧੱਬਾ ਹੀ ਨਹੀਂ, ਭਾਰਤੀ ਸੰਵਿਧਾਨ ਵੱਲੋਂ ਦਿੱਤੇ ਗਏ ਅਧਿਕਾਰਾਂ ਦੀ ਵੀ ਜ਼ਬਰਦਸਤ ਉਲੰਘਣਾ ਹੈ।

ਇਸਲਾਮ ਤੋਂ ਪਹਿਲਾਂ ਅਰਬ ਦੇ ਲੋਕ ਅਨਪੜ੍ਹ ਅਤੇ ਜਾਹਿਲ ਸਨ ਅਤੇ ਅਕਸਰ ਕਬੀਲੇ ਆਪਸ ਵਿੱਚ ਲੜਦੇ ਰਹਿੰਦੇ ਸਨ, ਜਿਸ ਕਾਰਨ ਮਰਦਾਂ ਦੀ ਗਿਣਤੀ ਘਟਦੀ ਰਹਿੰਦੀ ਸੀ। ਇਸੇ ਕਾਰਨ ਇੱਕ ਮਰਦ 15 ਤੋਂ 18 ਔਰਤਾਂ ਨਾਲ ਵਿਆਹ ਕਰਵਾ ਲੈਂਦਾ ਸੀ। ਕਈ ਵਾਰ ਤਾਂ ਬੇਟੇ ਆਪਣੀ ਮਤਰੇਈ ਮਾਂ ਨਾਲ ਵੀ ਵਿਆਹ ਕਰਵਾ ਲੈਂਦੇ ਸਨ।

ਪੈਗੰਬਰ ਮੁਹੰਮਦ ਹਜ਼ਰਤ ਸਾਹਿਬ ਨੇ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਲਈ ਇੱਕ ਮਰਦ ਨੂੰ ਸਿਰਫ ਚਾਰ ਵਿਆਹ ਕਰਨ ਦਾ ਹੁਕਮ ਦਿੱਤਾ, ਬਸ਼ਰਤੇ ਉਹ ਉਨ੍ਹਾਂ ਔਰਤਾਂ ਦਾ ਖਰਚਾ ਉਠਾਉਣ ਲਈ ਸਾਧਨ ਜੁਟਾ ਸਕੇ। ਮਾਵਾਂ (ਮਤਰੇਈਆਂ) ਨਾਲ ਵਿਆਹ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ ਅਤੇ ਤਲਾਕ ਨੂੰ ਇੱਕ ਵੱਡਾ ਗੁਨਾਹ ਮੰਨਿਆ ਗਿਆ। ਤੀਹਰੇ ਤਲਾਕ ਦੀ ਇਹ ਸਮਾਜਕ ਬੁਰਾਈ ਬੀਤੇ ਸਮੇਂ ਵਿੱਚ ਹਿੰਦੂ ਧਰਮ ਵਿੱਚ ਫੈਲੀ ਬੁਰਾਈ ਵਾਂਗ ਹੈ, ਜਿਵੇਂ ਬਾਲ ਵਿਆਹ, ਦੇਵਦਾਸੀਆਂ। ਕੁਝ ਰੂੜੀਵਾਦੀ ਪਰਵਾਰ ਆਪਣੀਆਂ 9-10 ਸਾਲਾਂ ਦੀਆਂ ਧੀਆਂ ਨੂੰ ਮੰਦਰ ਵਿੱਚ ਬਿਠਾ ਦਿੰਦੇ ਸਨ ਤੇ ਕਈ ਜਗ੍ਹਾ ਬੇਟੇ ਦੀ ਇੱਛਾ 'ਚ ਧੀਆਂ ਨੂੰ ਜੰਮਦੀਆਂ ਹੀ ਦਫਨਾ ਦਿੱਤਾ ਜਾਂਦਾ ਸੀ। ਦਫਨਾਉਂਦੇ ਸਮੇਂ ਅਕਸਰ ਇਹ ਕਿਹਾ ਜਾਂਦਾ ਸੀ :

ਗੁੜ ਖਾਈਂ, ਪੂਣੀ ਕੱਤੀਂ।
ਆਪ ਨਾ ਆਈਂ, ਵੀਰੇ ਨੂੰ ਘੱਤੀਂ।

ਜਵਾਨ ਧੀਆਂ ਨੂੰ ਘਰ ਦੀ ਚਾਰਦੀਵਾਰੀ 'ਚ ਹੀ ਬੰਦ ਰੱਖਿਆ ਜਾਂਦਾ ਸੀ। ਉਨ੍ਹਾਂ ਲਈ ਨਾ ਕੋਈ ਬਰਾਬਰੀ ਦਾ ਅਧਿਕਾਰ ਸੀ ਤੇ ਨਾ ਕੋਈ ਆਜ਼ਾਦੀ ਦਾ। ਔਰਤਾਂ ਦਾ ਘਰ 'ਚੋ ਬਾਹਰ ਜਾਣਾ ਇੱਕ ਬੁਰਾਈ ਸਮਝਿਆ ਜਾਂਦਾ ਸੀ, ਇਸ ਲਈ 15ਵੀਂ ਸਦੀ ਵਿੱਚ ਔਰਤਾਂ ਬਾਰੇ ਇਹ ਅਕਸਰ ਕਿਹਾ ਜਾਂਦਾ ਸੀ :

'ਘਰ ਬੈਠੀ ਲੱਖ ਦੀ ਤੇ ਬਾਹਰ ਗਈ ਕੱਖ ਦੀ।'

ਵਿਧਵਾ ਧੀਆਂ ਨੂੰ ਦੁਬਾਰਾ ਵਿਆਹ ਦਾ ਹੱਕ ਨਹੀਂ ਸੀ ਤੇ ਉਹ ਸਾਰੀ ਜ਼ਿੰਦਗੀ ਸਿਸਕੀਆਂ 'ਚ ਬਿਤਾ ਦਿੰਦੀਆਂ ਸਨ। ਮਹਾਨ ਸਮਾਜ ਸੁਧਾਰਕ ਸਵਾਮੀ ਦਇਆਨੰਦ ਨੇ ਇਸ ਸਮਾਜਕ ਬੁਰਾਈ ਵਿਰੁੱਧ ਅੰਦੋਲਨ ਚਲਾਇਆ ਸੀ।

ਇਸੇ ਤਰ੍ਹਾਂ ਭਾਰਤ ਵਿੱਚ ਸਤੀ ਪ੍ਰਥਾ ਵੀ ਇੱਕ ਭਿਆਨਕ ਬੁਰਾਈ ਸੀ, ਜਿਸ ਵਿਰੁੱਧ ਰਾਜਾ ਰਾਮ ਮੋਹਨ ਰਾਏ ਨੇ ਖੁੱਲ੍ਹ ਕੇ ਆਪਣੇ ਵਿਚਾਰ ਰੱਖੇ, ਹਾਲਾਂਕਿ ਬਹੁਤੇ ਲੋਕ ਉਦੋਂ ਸਤੀ ਪ੍ਰਥਾ ਦੇ ਸਮਰਥਕ ਸਨ। ਸੰਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉੱਤੇ ਉਨ੍ਹਾਂ ਦੀਆਂ ਤਿੰਨ ਰਾਣੀਆਂ ਤੇ ਚਾਰ ਗੋਲੀਆਂ ਉਨ੍ਹਾਂ ਨਾਲ ਸਤੀ ਹੋ ਗਈਆਂ ਸਨ, ਪਰ ਇਹ ਸਭ ਬੁਰਾਈਆਂ ਸਮਾਜ ਸੁਧਾਰਕਾਂ ਅਤੇ ਸਰਕਾਰ ਵੱਲੋਂ ਸਖਤ ਕਾਨੂੰਨ ਬਣਾ ਕੇ ਜੜ੍ਹਾਂ ਹਿਲਾ ਦਿੱਤੀਆਂ ਗਈਆਂ। ਜੇ ਚਿਰਾਂ ਤੋਂ ਚੱਲਦੀਆਂ ਆਈਆਂ ਇਹ ਬੁਰਾਈਆਂ ਸਮਾਜਕ ਜਾਗ੍ਰਿਤੀ ਅਤੇ ਹਾਂ ਪੱਖੀ ਕਾਨੂੰਨਾਂ ਦੇ ਨਿਰਮਾਣ ਨਾਲ ਖਤਮ ਹੋ ਸਕਦੀਆਂ ਹਨ ਤਾਂ ਤੀਹਰੇ ਤਲਾਕ ਤੋਂ ਛੁਟਕਾਰਾ ਕਿਉਂ ਨਹੀਂ ਪਾਇਆ ਜਾ ਸਕਦਾ।

ਮੁਸਲਿਮ ਪਰਸਨਲ ਲਾਅ ਬੋਰਡ ਮੰਨਦਾ ਹੈ ਕਿ ਤੀਹਰਾ ਤਲਾਕ ਇੱਕ ਗੁਨਾਹ ਹੈ, ਪਾਪ ਹੈ ਅਤੇ ਇਸ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ, ਪਰ ਸਰਕਾਰ ਨੂੰ ਧਰਮ ਵਿੱਚ ਦਖਲ ਨਹੀਂ ਦੇਣਾ ਚਾਹੀਦਾ, ਬੋਰਡ ਖੁਦ ਸਮਾਜਕ ਬਾਈਕਾਟ ਦੇ ਜ਼ਰੀਏ ਇਸ 'ਤੇ ਕਾਬੂ ਪਾ ਲਵੇਗਾ। ਹੁਣ ਤੱਕ ਇਹ ਬੋਰਡ ਔਰਤਾਂ ਨੂੰ ਇਸ ਜ਼ੁਲਮ ਤੋਂ ਛੁਟਕਾਰਾ ਨਹੀਂ ਦਿਵਾ ਸਕਿਆ, ਇਸ ਲਈ ਇਸ 'ਤੇ ਭਰੋਸਾ ਕਰਨਾ ਫਜ਼ੂਲ ਹੋਵੇਗਾ।

ਸੁੰਨੀ ਹੋਣ ਜਾਂ ਸ਼ੀਆ, ਦੇਵਬੰਦੀ ਹੋਣ ਜਾਂ ਬਰੇਲਵੀ ਜਾਂ ਕਿਸੇ ਹੋਰ ਸੰਸਥਾ ਦਾ ਕੋਈ ਧਰਮ ਗੁਰੂ ਹੋਵੇ, ਇਸ ਮਾਮਲੇ 'ਤੇ ਉਨ੍ਹਾਂ ਦੀ ਰਾਏ ਸਿਰਜਣਾਤਮਕ ਨਹੀਂ, ਕਿਉਂਕਿ ਤੀਹਰੇ ਤਲਾਕ ਤੋਂ ਪੀੜਤ ਔਰਤਾਂ ਨੇ ਇਲੈਕਟ੍ਰਾਨਿਕ ਮੀਡੀਆ ਵਿੱਚ ਖੁੱਲ੍ਹ ਕੇ ਇਨ੍ਹਾਂ ਸੰਸਥਾਵਾਂ ਦਾ ਸਖਤ ਵਿਰੋਧ ਕੀਤਾ ਹੈ। ਉਲੇਮਾਵਾਂ, ਇਮਾਮਾਂ, ਮੌਲਾਣਿਆਂ ਤੇ ਧਰਮ ਗੁਰੂਆਂ ਨੂੰ ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਤੇ ਬਰਬਾਦ ਹੁੰਦੇ ਪਰਵਾਰਾਂ ਨੂੰ ਬਚਾਉਣ ਲਈ ਛੇਤੀ ਕੋਈ ਹੱਲ ਲੱਭਣਾ ਚਾਹੀਦਾ ਹੈ ਅਤੇ ਖੁਦ ਉਠ ਕੇ ਤੀਹਰੇ ਤਲਾਕ, ਨਿਕਾਹ ਹਲਾਲਾ ਤੇ ਇੱਕ ਤੋਂ ਵੱਧ ਵਿਆਹਾਂ ਵਿਰੁੱਧ ਅੰਦੋਲਨ ਚਲਾਉਣਾ ਚਾਹੀਦਾ ਹੈ ਤਾਂ ਕਿ ਮੁਸਲਿਮ ਸਮਾਜ ਵਿੱਚ ਵੀ ਪਰਵਾਰ, ਖਾਸ ਕਰ ਕੇ ਔਰਤਾਂ ਖੁਸ਼ਹਾਲੀ ਨਾਲ ਜ਼ਿੰਦਗੀ ਬਿਤਾ ਸਕਣ। ਧਰਮ ਗੁਰੂਆਂ ਨੂੰ ਪੀੜਤ ਔਰਤਾਂ ਦਾ ਦਰਦ ਸਮਝਣਾ ਚਾਹੀਦਾ ਹੈ, ਜਿਨ੍ਹਾਂ ਦਾ ਗੁਲਜ਼ਾਰ ਪਰਵਾਰ ਤੀਹਰੇ ਤਲਾਕ ਨਾਲ ਉਜੜ ਗਿਆ ਹੋਵੇ, ਉਹ ਧੀਆਂ ਆਪਣੇ ਦੋ ਤਿੰਨ ਬੱਚਿਆਂ ਨੂੰ ਲੈ ਕੇ ਕਿੱਥੇ ਜਾਣ, ਨਾ ਉਨ੍ਹਾਂ ਦੇ ਪੇਕਿਆਂ ਵਿੱਚ, ਨਾ ਕਿਸੇ ਧਾਰਮਿਕ ਸੰਸਥਾ ਵਿੱਚ ਜਾ ਸਕਦੀਆ ਹਨ ਤੇ ਨਾ ਸਰਕਾਰ ਵੱਲੋਂ ਉਨ੍ਹਾਂ ਦੇ ਗੁਜ਼ਾਰੇ ਦਾ ਕੋਈ ਪ੍ਰਬੰਧ ਹੈ। ਉਹ ਪੂਰੀ ਤਰ੍ਹਾਂ ਲਾਚਾਰ ਹਨ ਅਤੇ ਦਰ-ਬ-ਦਰ ਭਟਕਣ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਹੁੰਦਾ। 'ਤਲਾਕ ਤਲਾਕ ਤਲਾਕ' ਕਹਿਣ ਵਾਲਿਆਂ ਨੂੰ ਇਸ ਸ਼ੇਅਰ 'ਚ ਲੁਕੇ ਮੁਸਲਿਮ ਔਰਤਾਂ ਦੇ ਦਰਦ ਨੂੰ ਸਮਝਣਾ ਚਾਹੀਦਾ ਹੈ :

*ਤਲਾਕ ਦੇ ਤੋ ਰਹੇ ਹੋ ਤਿਥੋਂ ਕਹਿਰ ਕੇ ਸਾਥ,*
*ਮੇਰਾ ਸ਼ਬਾਬ ਭੀ ਲੌਟਾ ਦੋ ਮੇਰੇ ਮੇਹਰ ਕੇ ਸਾਥ।*

# ਸਫਾਈ ਪ੍ਰਤੀ ਅਵੇਸਲਾਪਨ ਕਿਉਂ?

–ਹਰਜੀਤ ਸਿੰਘ ਸਿੱਧੂ



ਭਾਰਤ ਵਿੱਚ ਹੋਰ ਸਮੱਸਿਆਵਾਂ ਦੇ ਨਾਲ ਸਾਨੂੰ ਪ੍ਰਦੂਸ਼ਣ ਦੀ ਸਮੱਸਿਆ ਨਾਲ ਵੀ ਜੂਝਣਾ ਪੈ ਰਿਹਾ ਹੈ। ਦੇਸ਼ ਦੀ ਵੱਧ ਆਬਾਦੀ ਕਾਰਨ ਪਾਣੀ, ਹਵਾ, ਮਿੱਟੀ ਅਤੇ ਆਵਾਜ਼ ਦੇ ਪ੍ਰਦੂਸ਼ਣ ਨਾਲੋਂ ਕੂੜੇ ਕਾਰਨ ਫੈਲਿਆ ਪ੍ਰਦੂਸ਼ਣ ਸਭ ਤੋਂ ਵੱਧ ਖਤਰਨਾਕ ਸਾਬਤ ਹੋ ਰਿਹਾ ਹੈ। ਬੇਲੋੜੇ ਪਲਾ-ਸਟਿਕ ਪਦਾਰਥਾਂ ਨੇ ਧਰਤੀ ਉਪਰ ਪਲਾਸਟਿਕ ਦੀ ਤਹਿ ਕਾਇਮ ਕਰ ਦਿੱਤੀ ਹੈ, ਜਿਸ ਨੇ ਧਰਤੀ ਦੀ ਪਾਣੀ ਸੋਖਣ ਸਮਰੱਥਾ ਖਤਰਨਾਕ ਹੱਦ ਤੱਕ ਘਟਾ ਦਿੱਤੀ ਹੈ। ਇਸ ਦਾ ਨਤੀਜਾ ਇਹ ਹੈ ਕਿ ਮੀਂਹ ਦਾ ਪਾਣੀ ਧਰਤੀ ਹੇਠਲੇ ਪਾਣੀ ਦੇ ਲੈਵਲ ਦਾ ਵਾਧਾ ਨਹੀਂ ਕਰ ਰਿਹਾ। ਕਈ ਰਾਜ ਸਰਕਾਰਾਂ ਨੇ ਪਲਾਸਟਿਕ ਦੇ ਲਿਫਾਫਿਆਂ ਉਪਰ ਪਾਬੰਦੀ ਲਾਉਣ ਦੇ ਯਤਨ ਕੀਤੇ। ਪ੍ਰਦੂਸ਼ਣ ਸਮੱਸਿਆ ਅਤੇ ਕੂੜੇ ਦੇ ਨਿਪਟਾਰੇ ਨੂੰ ਪਾਠਕ੍ਰਮ ਦਾ ਹਿੱਸਾ ਬਣਾਇਆ। ਵੱਖ-ਵੱਖ ਮੀਡੀਆ ਸਾਧਨਾਂ ਰਾਹੀਂ ਇਸ ਬਿਪਤਾ ਨਾਲ ਨਜਿੱਠਣ ਲਈ ਜਨਤਾ ਤੋਂ ਸਹਿਯੋਗ ਮੰਗਿਆ, ਪਰ ਅਨਪੜ੍ਹਤਾ, ਗਰੀਬੀ, ਜ਼ਿੰਮੇਵਾਰੀ ਦੇ ਅਹਿਸਾਸ ਦੀ ਘਾਟ ਅਤੇ ਕਾਨੂੰਨੀ ਢਿੱਲ ਕਾਰਨ ਫਿਰ ਪਰਨਾਲਾ ਉਥੇ ਦਾ ਉਥੇ ਹੈ। ਵੱਖ-ਵੱਖ ਜਥੇਬੰਦੀਆਂ ਅਤੇ ਸਰਕਾਰੀ ਅਦਾਰਿਆਂ ਵੱਲੋਂ ਆਪਣੇ-ਆਪਣੇ ਇਲਾਕੇ ਨੂੰ ਕੂੜਾ ਮੁਕਤ ਕਰਨ ਦੀਆਂ ਚਲਾਈਆਂ ਗਈਆਂ ਅਨੇਕਾਂ ਸਕੀਮਾਂ ਅਧਵਾਟੇ ਦਮ ਤੋੜ ਦਿੰਦੀਆਂ ਹਨ ਕਿਉਂਕਿ ਅਸੀਂ ਇਨ੍ਹਾਂ ਸਕੀਮਾਂ ਦੀ ਮਹੱਤਤਾ ਸਮਝੇ ਬਗੈਰ ਹੀ ਆਪਣਾ ਸਹਿਯੋਗ ਦੇਣ ਤੋਂ ਹੱਥ ਪਿੱਛੇ ਖਿੱਚ ਲੈਂਦੇ ਹਾਂ। ਅਸੀਂ ਆਪਣੀ ਮਾਨਸਿਕਤਾ ਅਨੁਸ-ਾਰ ਕੇਵਲ ਆਪਣੇ ਘਰ ਅਤੇ ਇਸ ਦੇ ਆਲੇ ਦੁਆਲੇ ਨੂੰ ਸਾਫ ਰੱਖਣ ਤੱਕ ਸੀਮਤ ਹੋ ਕੇ ਰਹਿ ਗਏ ਹਾਂ।

ਇਹ ਵੀ ਕੌੜੀ ਸੱਚਾਈ ਹੈ ਕਿ ਸਾਡੇ ਵਿੱਚੋਂ ਬਹੁਤ ਲੋਕ ਅਜੇ ਆਪਣੇ ਘਰ ਦਾ ਕੂੜਾ ਗਲੀ ਜਾਂ ਖਾਲੀ ਪਲਾਟ ਵਿੱਚ ਜਾਂ ਅੱਖ ਬਚਾ ਕੇ ਗੁਆਂਢੀਆਂ ਦੇ ਘਰਾਂ ਅੱਗੇ ਸੁੱਟ ਕੇ ਖੁਸ਼ੀ ਮਹਿਸੂਸ ਕਰਨ ਲੱਗਦੇ ਹਨ। ਅਨੇਕਾਂ ਵੱਡੇ ਸ਼ਹਿਰਾਂ ਵਿੱਚ ਕੂੜੇ ਨੂੰ ਸਹੀ ਥਾਂ 'ਤੇ ਨਾ ਸੁੱਟਣ ਦੀ ਸਮੱਸਿਆ ਦਿਨੋਂ ਦਿਨ ਭਿਅੰਕਰ ਰੂਪ ਧਾਰਨ ਕਰਦੀ ਜਾ ਰਹੀ ਹੈ। ਕੂੜੇ ਦੇ ਸਹੀ ਢੰਗ ਨਾਲ ਨਿਪਟਾਰੇ ਪ੍ਰਤੀ ਪੜ੍ਹੇ ਲਿਖੇ ਲੋਕਾਂ ਦੀ ਬਹੁ ਗਿਣਤੀ ਦੀ ਸੋਚ ਜਿਥੇ ਹਾਂ ਪੱਖੀ ਬਣਦੀ ਜਾਂਦੀ ਹੈ, ਉਥੇ ਇਹ ਵੀ ਸੱਚਾਈ ਹੈ ਕਿ ਇਸ ਵਰਗ ਦੇ ਕੁਝ ਪ੍ਰਤੀਸ਼ਤ ਲੋਕ ਅਜੇ ਵੀ ਆਪਣੇ ਘਰ ਦਾ ਕੂੜਾ ਆਪਣੀ ਮਰਜ਼ੀ ਨਾਲ ਇਧਰ ਉਧਰ ਜਾਂ ਖਾਲੀ ਥਾਂ ਸੁੱਟਦੇ ਹਨ। ਇਸ ਤਰ੍ਹਾਂ ਕਰਕੇ ਉਹ ਕੂੜਾ ਚੁੱਕਣ ਵਾਲੇ ਨੂੰ ਮਹੀਨੇ ਬਾਅਦ ਦੇਣ ਵਾਲੇ ਆਪਣੇ ਕੁਝ ਰੁਪਏ ਬਚਾ ਲੈਂਦੇ ਹਨ, ਪਰ ਇਸ ਤਰ੍ਹਾਂ ਆਪਣੇ ਆਲੇ ਦੁਆਲੇ ਨੂੰ ਗੰਦਾ ਤੇ ਦੂਸ਼ਿਤ ਕਰਨ ਦਾ ਕਲੰਕ ਵੀ ਖੱਟ ਲੈਂਦੇ ਹਨ।

ਮਹਾਨਗਰਾਂ ਵਿੱਚ ਝੁੱਗੀਆਂ ਝੌਂਪੜੀਆਂ ਵਿੱਚ ਜਾਂ ਸੜਕਾਂ ਕਿਨਾਰੇ ਰਹਿਣ ਵਾਲੇ ਬੇਘਰੇ ਲੋਕ ਆਪਣੇ ਆਸੇ ਪਾਸੇ ਦੀ ਹਰੇਕ ਥਾਂ ਨੂੰ ਕੂੜੇ ਨਾਲ ਭਰ ਦਿੰਦੇ ਹਨ। ਇਸ ਦਿਸ਼ਾ ਵਿੱਚ ਕਾਨੂੰਨ ਦੀ ਢਿੱਲ ਮੱਠ ਅਤੇ ਲੋੜੀਂਦੇ ਫੰਡਾਂ ਦੀ ਘਾਟ ਨੂੰ ਵੀ ਜ਼ਿੰਮੇਵਾਰ ਮੰਨਿਆ ਜਾ ਸਕਦਾ ਹੈ। ਇਸ ਸਮੱਸਿਆ ਦਾ ਸਭ ਤੋਂ ਵੱਧ ਮਾਰੂ ਅਸਰ ਟੂਰਿਸਟ ਥਾਵਾਂ ਵਾਲੇ ਸ਼ਹਿਰਾਂ ਉਪਰ ਪੈ ਰਿਹਾ ਹੈ। ਕਿਸੇ ਨਵੇਂ ਥਾਂ ਜਾ ਕੇ ਸਾਨੂੰ ਚੰਗੇ ਨਾਗਰਿਕ ਵਾਲਾ ਵਤੀਰਾ ਅਪਨਾਉਣਾ ਚਾਹੀਦਾ ਹੈ। ਹਰ ਟੂਰਿਸਟ ਥਾਂ 'ਤੇ ਕੂੜਾ ਸੁੱਟਣ ਲਈ ਵਿਸ਼ੇਸ਼ ਕੂੜਾਦਾਨ ਰੱਖੇ ਹੁੰਦੇ ਹਨ, ਪਰ ਅਸੀਂ ਲੋਕ ਇਨ੍ਹਾਂ ਦੀ ਵਰਤੋਂ ਨਾ ਕਰਦੇ ਹੋਏ ਲਾਪ੍ਰਵਾਹੀ ਨਾਲ ਕੂੜਾ ਇਧਰ ਉਧਰ ਸੁੱਟ ਦਿੰਦੇ ਹਾਂ। ਹੋਣਾ ਇਹ ਚਾਹੀਦਾ ਹੈ ਕਿ ਜਦੋਂ ਕਿਧਰੇ ਘੁੰਮਣ ਜਾਂਦੇ ਹਾਂ ਤਾਂ ਸਾਨੂੰ ਉਸ ਥਾਂ ਦੀ ਸਫਾਈ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਇਹ ਕੌੜਾ ਸੱਚਾ ਹੈ ਕਿ ਅਨੇਕਾਂ ਕਿਸਮਾਂ ਦੇ ਯਤਨ ਦੇ ਬਾਵਜੂਦ ਸਫਾਈ ਮੁਹਿੰਮਾਂ ਪ੍ਰਤੀ ਸਾਡੀ ਸੋਚ ਅਤੇ ਸਹਿਯੋਗ ਕਾਫੀ ਹੱਦ ਤੱਕ ਅਫਸੋਸਨਾਕ ਅਤੇ ਨਿਰਾਸ਼ਾ ਜਨਕ ਹੈ। ਇਸ ਲਈ ਦੇਸ਼ ਨੂੰ ਸਾਫ ਸੁਥਰਾ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਸਹਿਯੋਗ ਕਰਨਾ ਚਾਹੀਦਾ ਹੈ।

# ਸ਼ਹਿਰਾਂ ਦਾ ਹੁਲੀਆ ਵਿਗਾੜੇ ਜਾਣ ਨਾਲ 'ਪੁਲਸਗਿਰੀ' ਦਾ ਕੰਮ ਪ੍ਰਭਾਵਤ ਹੋਇਆ

–ਆਕਾਰ ਪਟੇਲ

ਭਾਰਤੀ ਸ਼ਹਿਰ ਬੀਤੇ ਤੀਹ ਸਾਲਾਂ ਵਿੱਚ ਬਹੁਤ ਜ਼ਿਆਦਾ ਬਦਲ ਗਏ ਹਨ ਤੇ ਇਸ ਨਾਲ ਪੁਲਸ ਦਾ ਕੰਮ ਪ੍ਰਭਾਵਤ ਹੋਇਆ ਹੈ। ਮੇਰੇ ਕਹਿਣ ਦਾ ਮਤਲਬ ਇਹ ਨਹੀਂ ਕਿ ਸ਼ਹਿਰ ਕਿੰਨੇ ਵੱਡੇ ਹੋ ਗਏ ਜਾਂ ਉਨ੍ਹਾਂ ਦੀ ਆਬਾਦੀ ਕਿੰਨੀ ਵਧ ਗਈ ਤੇ ਉਹ ਜ਼ਿਆਦਾਤਰ ਲੋਕਾਂ ਲਈ ਜਿਊਣਯੋਗ ਨਹੀਂ ਰਹਿ ਗਏ। ਹਾਲਾਂਕਿ ਇਹ ਤਿੰਨੇ ਗੱਲਾਂ ਸੱਚ ਹਨ, ਪਰ ਮੇਰਾ ਇਸ਼ਾਰਾ ਇਸ ਪਾਸੇ ਹੈ ਕਿ ਸ਼ਹਿਰਾਂ ਨੂੰ ਮੂਲ ਰੂਪ ਵਿੱਚ ਕਿਸ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਸੀ ਅਤੇ ਉਨ੍ਹਾਂ ਦਾ ਹੁਲੀਆ ਕਿੰਨਾ ਵਿਗੜ ਗਿਆ ਹੈ। ਬੇਸ਼ੱਕ ਭਾਰਤ ਇੱਕ ਬਹੁਤ ਪ੍ਰਾਚੀਨ ਹੈ, ਫਿਰ ਵੀ ਇਸ ਦੇ ਜ਼ਿਆਦਾਤਰ ਸ਼ਹਿਰ ਨਵੇਂ ਹਨ। ਸਾਡੇ ਸਭ ਤੋਂ ਵੱਡੇ ਸ਼ਹਿਰ ਮੁੰਬਈ, ਕੋਲਕਾਤਾ ਅਤੇ ਚੇਨਈ ਤਿੰਨ ਸਦੀਆਂ ਤੋਂ ਵੀ ਘੱਟ ਸਮਾਂ ਪਹਿਲਾਂ ਅੰਗਰੇਜ਼ਾਂ ਵੱਲੋਂ ਵਸਾਏ ਗਏ ਸਨ। ਅਹਿਮਦਾਬਾਦ, ਹੈਦਰਾਬਾਦ ਅਤੇ ਸੂਰਤ ਵਰਗੇ ਕੁਝ ਸ਼ਹਿਰ ਇਨ੍ਹਾਂ ਦੇ ਮੁਕਾਬਲੇ 200 ਸਾਲ ਜ਼ਿਆਦਾ ਪੁਰਾਣੇ ਹਨ। ਇਥੋਂ ਤੱਕ ਕਿ ਪੁਰਾਣੀ ਦਿੱਲੀ, ਭਾਵ ਕਿ ਸ਼ਾਹਜਹਾਨਾਬਾਦ ਵੀ ਸਿਰਫ 400 ਸਾਲ ਪਹਿਲਾਂ ਵਸਾਇਆ ਗਿਆ ਸੀ।

ਸਿਰਫ ਕਾਸ਼ੀ (ਵਾਰਾਣਸੀ) ਪੁਰਾਣਾ ਸ਼ਹਿਰ ਹੋਣ ਦਾ ਦਾਅਵਾ ਕਰ ਸਕਦਾ ਹੈ, ਤਾਂ ਵੀ ਇਸ ਦਾ ਜ਼ਿਆਦਾ ਹਿੱਸਾ ਅਸਲ ਵਿੱਚ ਨਵਾਂ ਬਣਿਆ ਹੈ। ਗੰਗਾ ਦੇ ਘਾਟ ਮੁਕਾਬਲਾਤਨ ਨਵੇਂ ਹਨ ਤੇ ਸ਼ਹਿਰ ਦੇ ਕਿਸੇ ਵੀ ਢਾਂਚੇ ਬਾਰੇ ਜਾਇਜ਼ ਤੌਰ 'ਤੇ ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਉਹ 500 ਜਾਂ ਜ਼ਿਆਦਾ ਸਾਲਾਂ ਤੋਂ ਕਾਇਮ ਹਨ। ਇਸ ਦੀ ਤੁਲਨਾ ਇਟਲੀ ਦੇ ਰੋਮ ਨਾਲ ਕਰੀਏ, ਜਿੱਥੇ ਪੈਂਥੀਆਨ ਨਾਂਅ ਦੀ ਇਮਾਰਤ 2000 ਸਾਲਾਂ ਤੋਂ ਹੋਂਦ ਵਿੱਚ ਹੈ ਤੇ ਹੁਣ ਤੱਕ ਇਸ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਰੋਮ ਦੇ ਲੋਕ ਪ੍ਰਾਚੀਨ ਸਮਿਆਂ ਤੋਂ ਯਾਦਗਾਰੀ ਥਾਵਾਂ ਦੇ ਨੇੜੇ ਰਹਿੰਦੇ ਆਏ ਹਨ ਤੇ ਉਸ ਸ਼ਹਿਰ ਵਿੱਚ ਜਨ ਜੀਵਨ ਦੀ ਲਗਾਤਾਰਤਾ ਲਗਾਤਾਰ ਬਣੀ ਰਹੀ ਹੈ। ਹਾਲਾਂਕਿ ਉਥੇ ਸਾਈਕਲਾਂ, ਕਾਰਾਂ ਤੇ ਰੈਸਟੋਰੈਂਟਾਂ ਵਰਗੀਆਂ ਨਵੀਆਂ ਚੀਜ਼ਾਂ ਜੀਵਨ ਵਿੱਚ ਆਈਆਂ ਹਨ, ਜੇ ਇਨ੍ਹਾਂ ਤਿੰਨਾਂ ਚੀਜ਼ਾਂ ਨੂੰ ਕੱਢ ਦਿੱਤਾ ਜਾਵੇ ਤਾਂ ਰੋਮ ਦੇ ਕਿਸੇ ਵੀ ਮੁਹ-ੱਲੇ ਬਾਰੇ ਇਹੋ ਲੱਗੇਗਾ ਕਿ ਅਨੇਕ ਸ਼ਤਾਬਦੀਆਂ ਤੋਂ ਉਥੇ ਕੁਝ ਬਦਲਦਾ ਹੀ ਨਹੀਂ।

ਭਾਰਤ ਵਿੱਚ ਸਭ ਕੁਝ ਉਲਟਾ ਪੁਲਟਾ ਹੈ। ਸਾਡੇ ਸ਼ਹਿਰਾਂ ਵਿੱਚ ਮੁਸ਼ਕਲ ਨਾਲ ਹੀ ਕੋਈ ਅਜਿਹਾ ਮੁਹੱਲਾ ਹੋਵੇਗਾ, ਜਿੱਥੇ ਹਰ ਸਮੇਂ ਕੋਈ ਨਾ ਕੋਈ ਬਿਲਡਿੰਗ ਨਾ ਬਣ ਰਹੀ ਹੋਵੇ। ਬਹੁਤ ਸਾਰੀਆਂ ਥਾਵਾਂ ਤਾਂ ਉਨ੍ਹਾਂ ਸਥਾਨਕ ਲੋਕਾਂ ਨੂੰ ਵੀ ਪਛਾਣਨੀਆਂ ਮੁਸ਼ਕਲ ਹੋ ਜਾਂਦੀਆਂ ਹਨ, ਜੋ ਸਿਰਫ ਕੁਝ ਸਾਲਾਂ ਬਾਅਦ ਵਾਪਸ ਪਰਤੇ ਹਨ। ਕੁਝ ਸਮਾਂ ਪਹਿਲਾਂ ਮੈਂ ਸੂਰਤ ਗਿਆ ਸੀ। ਇਸ ਸ਼ਹਿਰ ਵਿੱਚ ਮੈਂ ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਹਿੱਸਾ ਗੁਜ਼ਾਰਿਆ ਹੈ, ਪਰ ਉਥੇ ਮੈਨੂੰ ਆਪਣਾ ਜੱਦੀ ਘਰ ਲੱਭਣ ਲਈ ਜੀ ਪੀ ਐਸ ਸਿਸਟਮ ਦੀ ਸਹਾਇਤਾ ਲੈਣੀ ਪਈ ਸੀ।

ਇਸ ਹਾਲਤ ਵਿੱਚ ਮੈਂ ਇਹ ਕਿਉਂ ਕਹਿੰਦਾ ਹਾਂ ਕਿ ਸ਼ਹਿਰਾਂ ਵਿੱਚ ਆਏ ਇਸ ਬਦਲਾਅ ਨੇ ਪੁਲਸ ਦੇ ਕੰਮਕਾਜ ਦੇ ਤਰੀਕੇ ਨੂੰ ਪ੍ਰਭਾਵਤ ਕੀਤਾ ਹੈ। ਭਾਰਤ ਵਿੱਚ ਅਪਰਾਧ ਨਾਲ ਨਜਿੱਠਣ ਦਾ ਰਸਮੀ ਤਰੀਕਾ ਸਥਾਨਕ ਥਾਣੇ ਵੱਲੋਂ ਵਰਤਿਆ ਗਿਆ ਸੀ, ਜੋ ਸਾਰੇ ਅਪਰਾਧਕ ਤੱਤਾਂ ਦੀ 'ਹਿਸਟਰੀ ਸ਼ੀਟ' ਬਣਾ ਕੇ ਰੱਖਦਾ ਸੀ। ਉਨ੍ਹਾਂ ਦੀਆਂ ਤਸਵੀਰਾਂ ਥਾਣੇ ਦੇ ਨੋਟਿਸ ਬੋਰਡ ਉੱਤੇ ਚਿਪਕਾਈਆਂ ਜਾਂਦੀਆਂ ਹਨ। ਇਸ ਨਾਲ ਨਵੇਂ ਪੁਲਸ ਕਰਮਚਾਰੀਆਂ ਨੂੰ ਇਲਾਕੇ ਅਤੇ ਨਿਯਮਤ ਰੂਪ ਵਿੱਚ ਹਵਾਲਾਤ ਦੀ ਹਵਾ ਖਾਣ ਵਾਲੇ ਲੋਕਾਂ ਦੀ ਪਛਾਣ ਕਰਨ ਵਿੱਚ ਆਸਾਨੀ ਰਹਿੰਦੀ ਸੀ।

ਅੱਜ ਦੇ ਭਾਰਤੀ ਸ਼ਹਿਰਾਂ ਵਿੱਚ ਕਿਸੇ ਸਾਗਰ ਮੰਥਨ ਵਾਂਗ ਜੀਵਨ ਦੀ ਹਲਚਲ ਹੁੰਦੀ ਰਹਿੰਦੀ ਹੈ। ਲੋਕ ਲਗਾਤਾਰ ਆਪਣੇ ਕੰਮ ਧੰਦੇ ਅਤੇ ਸ਼ਹਿਰਾਂ ਦੇ ਨਾਲ ਆਪਣੇ ਕਿਰਾਏ ਦੇ ਮਕਾਨ ਵੀ ਨਿਯਮਤ ਤੌਰ 'ਤੇ ਬਦਲਦੇ ਰਹਿੰਦੇ ਹਨ, ਭਾਵ ਕਿ ਸ਼ਹਿਰੀ ਇਲਾਕਿਆਂ ਵਿੱਚ ਕੋਈ ਕਿਸੇ ਦਾ ਪੱਕਾ ਗੁਆਂਢੀ ਨਹੀਂ ਹੁੰਦਾ। ਲੋਕ ਬਦਲਦੇ ਰਹਿੰਦੇ ਹਨ ਤੇ ਇਮਾਰਤਾਂ ਵੀ। ਸਿਤਮ ਦੀ ਗੱਲ ਇਹ ਹੈ ਕਿ ਜੀਵਨ ਵਿੱਚ ਇੰਨਾ ਬਦਲਾਅ ਆ ਜਾਣ ਪਿੱਛੋਂ ਪੁਲਸਗਿਰੀ ਦਾ ਢੰਗ ਨਹੀਂ ਬਦਲਿਆ।

ਮੱਧ-ਵਰਗੀ ਘਰਾਂ 'ਚ ਚੋਰੀ ਚਕਾਰੀ ਦੇ ਕੇਸ ਹੱਲ ਕਰਨ ਲਈ ਪੁਲਸ ਨੌਕਰਾਂ ਨੂੰ ਫੜ ਕੇ ਥਾਣੇ ਲੈ ਆਉਂਦੀ ਹੈ ਤੇ ਉਨ੍ਹਾਂ ਨੂੰ ਉਦੋਂ ਤੱਕ ਕੁੱਟਿਆ ਜਾਂਦਾ ਹੈ, ਜਦੋਂ ਤੱਕ ਕੋਈ ਨਾ ਕੋਈ ਨੌਕਰ ਜੁਰਮ ਨਹੀਂ ਮੰਨ ਲੈਂਦਾ। ਕਿਸੇ ਵੀ ਜੁਰਮ, ਇਥੋਂ ਤੱਕ ਕਿ ਹੱਤਿਆ ਦੀ ਕੋਈ ਵਿਧੀਵਤ ਜਾਂਚ ਪੜਤਾਲ ਨਹੀਂ ਹੁੰਦੀ। ਜੋ ਲੋਕ ਗੌਰੀ ਲੰਕੇਸ਼ ਦੀ ਹੱਤਿਆ ਵਾਲੀ ਥਾਂ ਸਭ ਤੋਂ ਪਹਿਲਾਂ ਪਹੁੰਚੇ, ਉਨ੍ਹਾਂ ਨੇ ਨੋਟ ਕੀਤਾ ਕਿ ਉਥੇ ਹਰ ਕਿਸੇ ਦਾ ਆਉਣਾ ਜਾਣਾ ਪਹਿਲਾਂ ਵਾਂਗ ਜਾਰੀ ਸੀ। ਅਜਿਹੀ ਸਥਿਤੀ ਵਿੱਚ ਫੋਰੈਂਸਿਕ ਪ੍ਰਮਾਣ ਜਾਂ ਸਬੂਤ ਕਿੰਨੀ ਦੇਰ ਤੱਕ ਬਚੇ ਰਹਿ ਸਕਦੇ ਹਨ।

ਇਸੇ ਦੇ ਸਮਾਨਾਂਤਰ ਇੱਕ ਹੋਰ ਘਟਨਾਚੱਕਰ ਤੋਂ ਪੁਲਸ ਦਾ ਕੰਮਕਾਜ ਪ੍ਰਭਾਵਤ ਹੋਇਆ ਹੈ, ਉਹ ਹੈ ਪੁਲਸ ਦੇ ਖਬਰੀ ਜਾਂ ਮੁਖਬਰ ਦਾ ਗਾਇਬ ਹੋਣਾ। ਪੁਲਸ ਦਾ ਮੁਖਬਰ ਸਿਰਫ ਉਹੀ ਵਿਅਕਤੀ ਹੋ ਸਕਦਾ ਹੈ, ਜੋ ਅਪਰਾਧ ਸਥਾਨ ਦੇ ਆਸਪਾਸ ਮੌਜੂਦ ਰਿਹਾ ਹੋਵੇ, ਭਾਵ ਅਜਿਹਾ ਵਿਅਕਤੀ, ਜੋ ਛੋਟਾ ਮੋਟਾ ਗੈਰ ਕਾਨੂੰਨੀ ਕੰਮ ਕਰਦਾ ਹੈ ਅਤੇ ਇਸੇ ਕਾਰਨ ਪੁਲਸ ਉਸ ਤੋਂ ਸੂਚਨਾ ਹਾਸਲ ਕਰਨ ਲਈ ਉਸ ਨੂੰ ਡਰਾ ਸਕਦੀ ਹੈ ਜਾਂ ਉਸ ਨੂੰ ਕੋਈ ਲਾਲਚ ਦੇ ਸਕਦੀ ਹੈ। ਤੁਸੀਂ ਜਾਂ ਮੇਰੇ ਵਰਗੇ ਲੋਕ ਪੁਲਸ ਦੇ ਮੁਖਬਰ ਨਹੀਂ ਬਣ ਸਕਦੇ, ਕਿਉਂਕਿ ਸਾਡਾ ਉਨ੍ਹਾਂ ਲੋਕਾਂ ਨਾਲ ਕੋਈ ਸੰਪਰਕ ਨਹੀਂ ਹੁੰਦਾ, ਜੋ ਅਪਰਾਧ ਕਰਦੇ ਹਨ।

ਬਾਬਰੀ ਢਾਂਚੇ ਦੀ ਤਬਾਹੀ ਅਤੇ ਮੁੰਬਈ ਤੇ ਸੂਰਤ ਵਿੱਚ ਦੰਗਿਆਂ ਅਤੇ ਫਿਰ ਇਨ੍ਹਾਂ ਦੀ ਪ੍ਰਤੀਕਿਰਿਆ ਵਿੱਚ ਹੋਏ ਬੰਬ ਧਮਾਕਿਆਂ ਤੋਂ ਬਾਅਦ ਪੁਲਸ ਕੋਲ ਮੁਖਬਰ ਨਹੀਂ ਰਹਿ ਗਏ ਸਨ। ਜ਼ਿਆਦਾਤਰ ਮੁਖਬਰ ਮੁਸਲਿਮ ਸਨ ਅਤੇ ਫਿਰਕੂ ਵਿਰੋਧ ਦੇ ਕਾਰਨ ਪੁਲਸਗਿਰੀ ਦਾ ਪੁਰਾਣਾ ਮਾਡਲ ਧਰਾਸ਼ਾਹੀ ਹੋ ਗਿਆ। ਉਸ ਤੋਂ ਬਾਅਦ ਜਿਵੇਂ ਰਿਪੋਰਟਾਂ ਤੋਂ ਸਿੱਧ ਹੁੰਦਾ ਹੈ, ਅੱਤਵਾਦ ਦੇ ਕਿਸੇ ਵੀ ਕੇਸ ਦੀ ਜਾਂਚ ਪੜਤਾਲ ਪੂਰੀ ਨਹੀਂ ਹੋ ਰਹੀ। ਆਧੁਨਿਕ ਫੋਰੈਂਸਿਕ ਢੰਗਾਂ ਨਾਲ ਜਾਂਚ ਪੜਤਾਲ ਕਰਨ ਦੀਆਂ ਸਹੂਲਤਾਂ ਹਾਸਲ ਨਹੀਂ ਹਨ, ਜਦ ਕਿ ਪੁਲਸਗਿਰੀ ਦਾ ਪੁਰਾਣਾ ਮਾਡਲ ਹੁਣ ਸਾਰਥਕ ਨਤੀਜੇ ਦਿਖਾਉਣ ਦੇ ਯੋਗ ਨਹੀਂ ਰਹਿ ਗਿਆ।

1996 ਵਿੱਚ ਮੁੰਬਈ ਸੈਸ਼ਨ ਕੋਰਟ ਵਿੱਚ ਜਦੋਂ ਮੈਂ ਰਿਪੋਰਟਰ ਸੀ ਤਾਂ ਸ਼ਿਆਮ ਕੇਸਵਾਨੀ ਨੇ ਮੇਰੇ ਨਾਲ ਸੰਪਰਕ ਕੀਤਾ। ਉਹ ਇਕਬਾਲ ਮਿਰਚੀ ਦੇ ਵਕੀਲ ਸਨ, ਜੋ ਨਸ਼ੀਲੇ ਪਦਾਰਥਾਂ ਦਾ ਵਪਾਰੀ ਸੀ ਤੇ ਭਾਰਤ ਸਰਕਾਰ ਇੰਗਲੈਂਡ ਤੋਂ ਉਸ ਦੀ ਹਵਾਲਗੀ ਕਰਵਾਉਣਾ ਚਾਹੁੰਦੀ ਸੀ। ਸੀ ਬੀ ਆਈ ਨੇ ਇਸ ਸੰਬੰਧ ਵਿੱਚ ਪੈਰਵੀ ਕਰਨ ਲਈ ਚਾਰ ਲੋਕਾਂ ਦਾ ਇੱਕ ਦਲ ਲੰਡਨ ਦੀ ਬੋਅ ਸਟਰੀਟ ਮੈਜਿਸਟਰੇਟ ਦੀ ਅਦਾਲਤ ਵਿੱਚ ਭੇਜਿਆ ਸੀ। ਕੇਸਵਾਨੀ ਨੇ ਮੈਨੂੰ ਦੋਸ਼ ਪੱਤਰ ਦੀ ਇੱਕ ਕਾਪੀ ਦਿੱਤੀ, ਜੋ ਲਗਭਗ 200 ਸਫਿਆਂ ਦੀ ਸੀ। ਮੈਂ ਇਸ ਨੂੰ ਪੂਰੀ ਤਰ੍ਹਾਂ ਪੜ੍ਹਿਆ ਤੇ ਪੂਰੀ ਫਾਈਲ ਵਿੱਚ ਉਸ ਦੇ ਕਲਾਈਂਟ ਦੇ ਨਾਂਅ ਦਾ ਵਰਣਨ ਸਿਰਫ ਇੱਕ ਜਗ੍ਹਾ ਆਇਆ ਸੀ ਅਤੇ ਉਹ ਵੀ ਆਖਰੀ ਸਫੇ-'ਇਸ ਮਾਮਲੇ ਵਿੱਚ ਵੀ ਲੋੜੀਂਦੇ ਇਕਬਾਲ ਮੈਨਨ ਉਰਫ ਮਿਰਚੀ'। ਇਹੀ ਇੱਕੋ ਸਬੂਤ ਸੀ, ਜੋ ਭਾਰਤ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਸੀ।

ਜਿਵੇਂ ਹੋਣਾ ਹੀ ਸੀ, ਇੰਗਲੈਂਡ ਦੀ ਅਦਾਲਤ ਨੇ ਉਸ ਦੀ ਸਪੁਰਦਗੀ ਨਹੀਂ ਕੀਤੀ ਅਤੇ ਉਹ ਮਜ਼ੇ ਨਾਲ ਇੰਗਲੈਂਡ ਵਿੱਚ ਰਹਿੰਦਾ ਰਿਹਾ। ਇਸ ਮਾਮਲੇ ਵਿੱਚ ਮੈਂ ਕਹਾਂਗਾ ਕਿ ਉਸ ਦੀ ਸਪੁਰਦਗੀ ਨਾ ਹੋਣ ਲਈ ਸਾਡੀ ਪੁਲਸ ਦੋਸ਼ੀ ਨਹੀਂ, ਪੁਲਸ ਤਾਂ ਸਖਤ ਮਿਹਨਤ ਕਰ ਰਹੀ ਹੈ, ਪਰ ਮਿਰਚੀ ਅਜੇ ਵੀ ਉਸੇ ਵਿਵਸਥਾ ਦੇ ਅਧੀਨ ਕੰਮ ਕਰਦਾ ਹੈ, ਜੋ ਅੰਗਰੇਜ਼ਾਂ ਨੇ ਸਿਰਫ ਆਂਢ ਗੁਆਂਢ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਤਿਆਰ ਕੀਤੀ ਸੀ, ਨਾ ਕਿ ਜਾਂਚ ਕਰਨ ਦੇ ਰਾਹੀਂ ਅਪਰਾਧਕ ਮਾਮਲਿਆਂ ਨੂੰ ਹੱਲ ਕਰਨ ਲਈ।

ਜਾਪਾਨ ਵਿੱਚ ਪੁਲਸ ਅਤੇ ਅਦਾਲਤਾਂ 95 ਫੀਸਦੀ ਤੋਂ ਵੀ ਵੱਧ ਮਾਮਲਿਆਂ ਵਿੱਚ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਵਿੱਚ ਸਫਲ ਹੁੰਦੀਆਂ ਹਨ, ਭਾਵ ਕਿ ਜੇ ਉਥੋਂ ਦੀ ਪੁਲਸ ਕਿਸੇ ਵਿਅਕਤੀ ਨੂੰ ਅਪਰਾਧ ਕਰਦੇ ਹੋਏ ਫੜ ਲੈਂਦੀ ਹੈ ਤਾਂ ਅਦਾਲਤ ਉਸ ਨੂੰ ਦੋਸ਼ੀ ਸਿੱਧ ਕਰੇਗੀ ਹੀ। ਉਥੇ ਇਸ ਪ੍ਰਣਾਲੀ ਦੇ ਆਲੋਚਕ ਵੀ ਮੌਜੂਦ ਹਨ ਕਿਉਂਕਿ ਇਹ ਪ੍ਰਣਾਲੀ ਵੀ ਭਾਰਤ ਵਾਂਗ ਹੀ ਅਕਸਰ ਤਸੀਹਿਆਂ ਦੇ ਰਾਹੀਂ ਇਕਬਾਲੀਆ ਬਿਆਨ ਹਾਸਲ ਕਰਦੀ ਹੈ ਤੇ ਇਨ੍ਹਾਂ ਦੇ ਹੀ ਆਧਾਰ 'ਤੇ ਕੇਸ ਦਾ ਨਿਪਟਾਰਾ ਹੁੰਦਾ ਹੈ, ਭਾਵ ਕਿ ਉਥੋਂ ਦੀ ਸਜ਼ਾ ਵਿਵਸਥਾ ਵਿੱਚ ਭਾਰਤ ਵਾਲੀਆਂ ਸਾਰੀਆਂ ਖਾਮੀਆਂ ਮੌਜੂਦ ਹਨ, ਫਿਰ ਵੀ ਉਨ੍ਹਾਂ ਦੀ ਕਾਰਗੁਜ਼ਾਰੀ ਸਾਡੇ ਨਾਲੋਂ ਕਿਤੇ ਵੱਧ ਸੰਤੋਸ਼ ਜਨਕ ਹੈ ਤੇ ਭਾਰਤ ਵਿੱਚ ਮੁਸ਼ਕਲ ਨਾਲ 50 ਫੀਸਦੀ ਅਪਰਾਧੀਆਂ ਨੂੰ ਹੀ ਸਜ਼ਾ ਮਿਲ ਪਾਉਂਦੀ ਹੈ।

ਭਾਰਤ ਵਿੱਚ ਅਪਰਾਧ ਨੂੰ ਅੰਜਾਮ ਦੇਣ ਵਾਲੇ ਲੋਕਾਂ 'ਚੋਂ ਜ਼ਿਆਦਾਤਰ ਬਚ ਕੇ ਨਿਕਲ ਜਾਂਦੇ ਹਨ, ਇਹੋ ਕਾਰਨ ਹੈ ਕਿ ਜੇ ਗੌਰੀ ਲੰਕੇਸ਼ ਦੇ ਕਾਤਲ ਅਤੇ ਉਨ੍ਹਾਂ ਦੇ ਵਿੱਤ ਪੋਸ਼ਕ ਕਦੇ ਵੀ ਕਟਹਿਰੇ ਵਿੱਚ ਖੜ੍ਹੇ ਨਾ ਕੀਤੇ ਜਾ ਸਕੇ ਤਾਂ ਮੈਨੂੰ ਕੋਈ ਹੈਰਾਨੀ ਨਹੀਂ ਹੋਵੇਗੀ। ਅਸਲ ਵਿੱਚ ਇਹ ਅਸਫਲਤਾ ਵਿਅਕਤੀਆਂ ਦੀ ਨਹੀਂ, ਸਗੋਂ ਵਿਵਸਥਾ ਦੀ ਹੈ। ਸਾਡੇ 'ਚੋਂ ਕੁਝ ਇੱਕ ਇਹ ਮੰਨ ਲੈਂਦੇ ਹਨ ਕਿ ਕੁਝ ਨਿੱਜੀ ਮਾਮਲਿਆਂ ਵਿੱਚ ਇਹ ਵਿਵਸਥਾ ਵਰਣਨ ਯੋਗ ਕੰਮ ਕਰੇਗੀ। ਉਨ੍ਹਾਂ ਦਾ ਅਜਿਹਾ ਮਤ ਅਸਲੀਅਤ 'ਤੇ ਨਹੀਂ, ਸਗੋਂ ਕੋਰੇ ਆਸ਼ਾਵਾਦ ਉਤੇ ਆਧਾਰਤ ਹੁੰਦਾ ਹੈ।

# ਚਰਖੇ ਦੀ ਗੂੰਜ ਸੁਣ ਕੇ..

–ਲਖਬੀਰ ਸਿੰਘ ਦੌਦਪੁਰ

ਆਦਿ ਮਨੁੱਖ ਨੂੰ ਜਦੋਂ ਮੌਸਮ ਦੀਆਂ ਮਾਰਾਂ ਗਰਮੀ, ਸਰਦੀ, ਬਰਸਾਤ ਆਦਿ ਦਾ ਸਾਹਮਣਾ ਕਰਨਾ ਪੈਂਦਾ ਸੀ ਜਾਂ ਉਸ ਨੂੰ ਪਰਸਪਰ ਲਿੰਗੀ ਸੂਝ ਆਈ ਤਾਂ ਉਸ ਨੇ ਤਨ ਨੂੰ ਢਕਣ ਦੇ ਰਾਹ ਲੱਭੇ। ਇਸ ਵਾਸਤੇ ਸ਼ੁਰੂ-ਸ਼ੁਰੂ ਵਿੱਚ ਜਾਨਵਰਾਂ ਦੀਆਂ ਖੱਲਾਂ, ਰੁੱਖਾਂ ਦੇ ਪੱਤੇ ਆਦਿ ਤੋਂ ਕੰਮ ਲਿਆ ਗਿਆ। ਸਮੇਂ ਨਾਲ ਹੋਈ ਪਹੀਏ ਦੀ ਖੋਜ ਮਗਰੋਂ ਅਤੇ ਖੇਤੀ ਦੇ ਧੰਦੇ ਨੂੰ ਅਪਣਾਉਣ ਤੇ ਰੇਸ਼ੇਦਾਰ ਫਸਲਾਂ ਦੀ ਸੋਝੀ ਮਗਰੋਂ ਇਕ ਅਜਿਹਾ ਯੰਤਰ ਹੋਂਦ ਵਿੱਚ ਆਇਆ ਜਿਸ ਨੂੰ ਚਰਖਾ ਕਿਹਾ ਜਾਂਦਾ ਹੈ। ਭਾਰਤ ਵਿੱਚ ਚਰਖੇ ਦਾ ਪ੍ਰਵੇਸ਼ ਮੱਧ ਏਸ਼ੀਆ ਤੋਂ ਦਸਵੀਂ ਸਦੀ ਦੇ ਲਗਭਗ ਹੋਇਆ ਕਿਹਾ ਜਾਂਦਾ ਹੈ, ਇਹ ਕਿਸੇ ਨਾ ਕਿਸੇ ਰੂਪ ਵਿੱਚ ਭਾਰਤ ਵਿੱਚ ਪਹਿਲਾਂ ਵੀ ਹੋਵੇਗਾ। ਚਰਖਾ ਆਦਿ ਕਾਲ ਤੋਂ ਮਨੁੱਖ ਲਈ ਜਰੂਰੀ ਤੇ ਕੰਮ ਦੀ ਵਸਤੂ ਰਿਹਾ ਹੈ। ਪੰਜਾਬ ਲਈ ਚਰਖਾ ਖਾਸ ਥਾਂ ਰੱਖਦਾ ਹੈ। ਚਰਖਾ ਪੰਜਾਬੀਆਂ ਦੇ ਮਨ ਦੀਆਂ ਧੁਰ ਅੰਦਰਲੀਆਂ ਡੂੰਘਾਣਾਂ ਤੱਕ ਵਸਿਆ ਹੈ। ਚਰਖਾ ਕੁੜੀ ਨੂੰ ਦਾਜ ਵਿੱਚ ਦਿੱਤੀਆਂ ਜਾਣ ਵਾਲੀਆਂ ਵਸਤੂਆਂ ਵਿੱਚੋਂ ਵਿਸ਼ੇਸ਼ ਵਸਤੂ ਸੀ। ਚਰਖੇ ਰਾਹੀਂ ਹੀ ਕੁੜੀ ਜਾਂ ਮਾਪਿਆਂ ਵੱਲੋਂ ਦਾਜ ਲਈ ਦਰੀਆਂ, ਖੇਸ, ਚਾਦਰਾਂ ਆਦਿ ਚਰਖੇ ਦੇ ਕੱਤੇ ਸੂਤ ਨਾਲ ਤਿਆਰ ਕੀਤੀਆਂ ਜਾਂਦੀਆਂ ਸਨ।

ਕਤ-ਕਤ ਪੂਣੀਆਂ ਮੈਂ ਸੂਤ ਬਣਾਇਆ
ਓਹਦਾ ਬਣਾਇਆ ਖੇਸ ਮਾਏਂ ਮੇਰੀਏ

ਤ੍ਰਿੰਞਣਾਂ ਵਿੱਚ ਕੁੜੀਆਂ, ਮੁਟਿਆਰਾਂ ਜਾਂ ਸੱਜ ਵਿਆਹੀਆਂ ਜਦੋਂ ਕੱਤਣ ਲੱਗਦੀਆਂ ਤਾਂ ਚਰਖੇ ਵਿੱਚੋਂ ਅਨੋਖੀ ਸੰਗੀਤ ਮਈ ਗੂੰਜ ਨਿਕਲਦੀ, ਜੋ ਆਲੇ ਦੁਆਲੇ ਨੂੰ ਮੰਤਰ ਮੁਗਧ ਕਰ ਦਿੰਦੀ। ਇਸ ਵਿਚਲੀ ਸੰਗੀਤਕ ਗੂੰਜ ਹਰ ਦਿਲ ਨੂੰ ਕੀਲ ਲੈਂਦੀ। ਇਥੋਂ ਤੱਕ ਕਿ ਸੰਤ, ਫਕੀਰ, ਜੋਗੀ ਵੀ ਇਸ ਸੰਗੀਤਕ ਗੂੰਜ ਨੂੰ ਸੁਣ ਕੇ ਮੋਹੇ ਜਾਂਦੇ। ਇਸੇ ਲਈ ਕਿਹਾ ਗਿਆ ਹੈ

ਚਰਖੇ ਦੀ ਗੂੰਜ ਸੁਣ ਕੇ
ਜੋਗੀ ਉਤਰ ਪਹਾੜੋਂ ਆਇਆ

ਚਰਖਾ ਪੰਜਾਬ ਤੇ ਪੰਜਾਬੀ ਲੋਕ ਮਨਾਂ ਦੇ ਅਤੀ ਨੇੜੇ ਹੈ। ਇਸ ਵਿੱਚ ਪੰਜਾਬੀ ਸੱਭਿਆਚਾਰ ਤੇ ਵਿਰਸੇ ਦੀ ਖੁਸ਼ਬੋ ਰਮੀ ਹੋਈ ਹੈ। ਲੋਕ ਗੀਤਾਂ, ਬੋਲੀਆਂ, ਟੱਪਿਆਂ ਵਿੱਚ ਚਰਖਾ ਵਿਸ਼ੇਸ਼ ਥਾਂ ਰੱਖਦਾ ਹੈ। ਦਾਜ ਵਿੱਚ ਦਿੱਤਾ ਜਾਣ ਵਾਲਾ ਚਰਖਾ ਬੜੀ ਮਿਹਨਤ ਨਾਲ ਤਿਆਰ ਕੀਤਾ ਜਾਂਦਾ ਹੈ। ਉਸ ਵਿੱਚ ਕਈ ਵਾਰ ਸ਼ੀਸ਼ੇ ਜੜੇ ਹੁੰਦੇ ਤੇ ਉਂਜ ਉਸ ਨੂੰ ਮਜ਼ਬੂਤੀ ਨਾਲ ਤਿਆਰ ਕੀਤਾ ਜਾਂਦਾ।

ਬਚਨੋ ਦੇ ਚਰਖੇ 'ਤੇ
ਗਿਣ-ਗਿਣ ਕੇ ਮੇਖਾਂ ਲਾਈਆਂ

ਇਸ ਤਰ੍ਹਾਂ ਪੰਜਾਬੀ ਲੋਕਾਂ ਦੇ ਜੀਵਨ ਤੇ ਵਿਹਾਰਾਂ ਦਾ ਹੀ ਨਹੀਂ, ਕੰਮਾਂ ਦਾ ਵੀ ਚਰਖੇ ਰਾਹੀਂ ਬੜਾ ਸੁੰਦਰ ਚਿੱਤਰ ਉਭਰ ਕੇ ਸਾਹਮਣੇ ਆਉਂਦਾ ਹੈ। ਪੰਜਾਬੀ ਰਿਸ਼ਤਾ ਨਾਤਾ ਪ੍ਰਣਾਲੀ ਨੂੰ ਵੀ ਚਰਖੇ ਰਾਹੀਂ ਬਿਆਨ ਕੀਤਾ ਜਾਂਦਾ ਹੈ। ਇਸ ਵਿੱਚ ਸੱਸ ਨੂੰਹ, ਨਨਾਣ-ਭਰਜਾਈ, ਵੀਰ-ਭੈਣ, ਪਿਓ-ਧੀ ਆਦਿ ਦੇ ਰਿਸ਼ਤੇ ਨੂੰ ਚਰਖੇ ਦੇ ਹਵਾਲੇ ਨਾਲ ਵੱਖੋਂ-ਵੱਖ ਰੰਗਾਂ ਵਿੱਚ ਪੇਸ਼ ਕੀਤਾ ਗਿਆ ਹੈ। ਸਹੁਰੇ ਘਰ ਭੈਣ ਭਰਾ ਦੀ ਉਡੀਕ ਵਿੱਚ ਬੈਠੀ ਚਰਖਾ ਕੱਤਦੀ ਉਸ ਨੂੰ ਯਾਦ ਕਰਦੀ ਹੈ।

ਪੇੜੇ ਵੇ ਵੀਰਨਾ ਪੇੜੇ
ਭੈਣ ਤੈਨੂੰ ਯਾਦ ਕਰੇ
ਚਰਖੇ ਦੇ ਹਰ ਗੇੜੇ

ਪੰਜਾਬ ਵਿੱਚ ਸ਼ੁਰੂ ਤੋਂ ਹੀ ਚਰਖੇ ਦੇ ਪ੍ਰਤੀਕ ਰਾਹੀਂ ਗੁਰੂ ਸਾਹਿਬਾਨਾਂ, ਸੂਫੀ ਫਕੀਰਾਂ, ਕਿੱਸਾਕਾਰਾਂ ਅਤੇ ਆਧੁਨਿਕ ਸਮੇਂ ਗਲਪ ਅਤੇ ਵਾਰਤਕ ਰਚਨਾਕਾਰਾਂ ਨੇ ਮਾਨਵੀ ਜੀਵਨ ਦੇ ਵਿਭਿੰਨ ਪਹਿਲੂਆਂ ਨੇ ਚਰਖੇ ਨੂੰ ਮਾਨਵ ਸਰੀਰ ਦਾ ਪ੍ਰਤੀਕ ਮੰਨ ਕੇ ਲੋਕਾਈ ਨੂੰ ਰੱਬ ਦੀ ਬੰਦਗੀ ਤੇ ਸ਼ੁਭ ਅਮਲ ਕਮਾਉਣ ਬਾਰੇ ਉਪਦੇਸ਼ ਦਿੱਤੇ ਹਨ ਤਾਂ ਜੋ ਉਨ੍ਹਾਂ ਦੇ ਅਧਿਆਤਮਕ, ਰੂਹਾਨੀ ਤੇ ਰਹੱਸਮਈ ਵਿਚਾਰਾਂ ਨੂੰ ਜਨ ਸਾਧਾਰਨ ਸੌਖੇ ਤੇ ਸਰਲ ਤਰੀਕੇ ਨਾਲ ਸਮਝ ਸਕੇ। ਸੂਫੀਆਂ ਨੇ ਚਰਖੇ ਦੇ ਪ੍ਰਤੀਕ ਨੂੰ ਥਾਂ-ਥਾਂ ਵਰਤ ਕੇ ਮਨੁੱਖੀ ਜੀਵਨ ਨਾਲ ਜੋੜਿਆ ਹੈ। ਸੂਫੀ ਫਕੀਰ ਰੱਬ ਦੀ ਬੰਦਗੀ ਕਰਨ ਵਾਸਤੇ ਮਨੁੱਖ ਨੂੰ ਚਰਖੇ ਭਾਵ ਮਾਨਵੀ ਸਰੀਰ ਨਾਲ ਰੱਬ ਦੀ ਬੰਦਗੀ ਦਾ ਦਾਜ ਇਕੱਠਾ ਕਰਨ ਵਾਸਤੇ ਪ੍ਰੇਰਦੇ ਹਨ।

ਤੇਰਾ ਸਾਹਾ ਨੇੜੇ ਆਇਆ ਹੈ,
ਕੁਝ ਚੋਲੀ ਦਾਜ ਬਣਾਇਆ ਹੈ?
ਤੂੰ ਚਰਖੇ ਤੰਦ ਨਾ ਪਾਈ ਹੈ,
ਕੀ ਕਰਸੈ ਦਾਜ ਤਿਆਰ ਕੁੜੇ?
ਘੁੰਮ ਚਰਖੜਿਆ ਵੇ,
ਤੇਰੀ ਕੱਤਣ ਵਾਲੀ ਜੀਵੇ
ਨਲੀਆਂ ਵੱਟਣ ਵਾਲੀ ਜੀਵੇ।

ਇਸ ਤਰ੍ਹਾਂ ਚਰਖਾ ਦੁਨਿਆਵੀਂ ਕੰਮਾਂ, ਰਸਮਾਂ-ਰੀਤਾਂ ਤੇ ਰਿਵਾਇਤਾਂ ਤੋਂ ਲੈ ਕੇ ਰੂਹਾਨੀਅਤ ਤੇ ਅਧਿਆਮਕਤਾ ਦਾ ਸਫਰ ਤੈਅ ਕਰਦਾ ਹੈ। ਅਜੋਕੇ ਦੌਰ ਵਿੱਚ ਪੰਜਾਬੀ ਜਨ ਜੀਵਨ ਅਤੇ ਸੱਭਿਆਚਾਰ ਵਿੱਚੋਂ ਚਰਖਾ ਲਗਭਗ ਲੋਪ ਹੋ ਗਿਆ ਹੈ। ਹੁਣ ਚਰਖੇ ਜਾਂ ਪਿੰਡਾਂ ਵਿੱਚ ਕੋਠੀਆਂ ਦੇ ਉਤੇ ਬੇਕਾਰ ਤੇ ਤਰਸਮਈ ਹਾਲਤ ਵਿੱਚ ਪਏ ਹਨ ਜਾਂ ਇਹ ਮੈਰਿਜ ਪੈਲੇਸਾਂ ਵਿੱਚ ਸਟੇਜੀ ਰੰਗਤ ਵਧਾਉਣ ਵਾਸਤੇ ਰੱਖੇ ਜਾਂਦੇ ਹਨ। ਇਸ ਤਰ੍ਹਾਂ ਕਰਕੇ ਇਸ ਨੂੰ ਇਸ ਦਾ ਗਵਾਇਆ ਹੋਇਆ ਮਾਣ ਵਾਪਸ ਨਹੀਂ ਦਿਵਾਇਆ ਜਾ ਸਕਦਾ। ਚਰਖਿਆਂ ਦੀ ਹੱਥੀ 'ਤੇ ਸਾਡੀ ਦਾਦੀਆਂ, ਪੜਦਾਦੀਆਂ ਜਾਂ ਮਾਵਾਂ ਦੇ ਹੱਥਾਂ ਦੀ ਛੋਹ ਨੂੰ ਅਸੀਂ ਅੱਜ ਮਹਿਸੂਸ ਨਹੀਂ ਕਰ ਪਾ ਰਹੇ। ਇਹ ਸਾਡੇ ਵਿਰਸੇ ਤੇ ਸੱਭਿਆਚਾਰ ਦਾ ਅਨਮੋਲ ਖਜ਼ਾਨਾ ਹੈ। ਬੇਸ਼ੱਕ ਚਰਖੇ ਦੀ ਰਫਤਾਰ ਅੱਜ ਦੇ ਜ਼ਮਾਨੇ ਨਾਲ ਮੇਲ ਨਹੀਂ ਖਾਂਦੀ, ਪਰ ਭਾਰਤ ਵਿੱਚ ਕੁਝ ਥਾਵਾਂ 'ਤੇ ਹਾਲੇ ਵੀ ਪਰੰਪਰਾਗਤ ਢੰਗ ਨਾਲ ਚਰਖੇ ਰਾਹੀਂ ਸੂਤ ਕੱਤ ਕੇ ਖਾਦੀ ਤਿਆਰ ਕੀਤੀ ਜਾਂਦੀ ਹੈ, ਜੋ ਛੋਟੇ ਜਾਂ ਲਘੂ ਉਦਯੋਗ, ਹੱਥਕਰਘੇ ਵਾਸਤੇ ਚੰਗੀ ਗੱਲ ਹੈ। ਲੋਕ ਅਜੋਕੇ ਦੌਰ ਵਿੱਚ ਵੀ ਹੱਥੀਂ ਤਿਆਰ ਕੀਤੇ ਕੱਪੜੇ ਦੀ



ਕਦਰ ਕਰਦੇ ਹਨ। ਉਹ ਲੋਕ ਵਧਾਈ ਦੇ ਨਾਲ-ਨਾਲ ਹੌਸਲਾ ਅਫਜਾਈ ਦੇ ਵੀ ਪਾਤਰ ਹਨ, ਜੋ ਹੱਥੀਂ ਕੱਤਣ ਤੇ ਪਰੰਪਰਾਗਤ ਢੰਗ ਨਾਲ ਕੱਪੜਾ ਤਿਆਰ ਕਰਕੇ ਰੋਜ਼ੀ ਕਮਾ ਰਹੇ ਅਤੇ ਜੀਵਨ ਨਿਰਵਾਹ ਕਰਦੇ ਹਨ। ਚਰਖੇ ਨੂੰ ਅਜੇ ਵੀ ਤੇਜ਼ ਰਫਤਾਰ ਜ਼ਮਾਨੇ ਨਾਲ ਮਿਲਾ ਕੇ ਚਲਾਉਣ ਲਈ ਯਤਨਸ਼ੀਲ ਹਨ।

## ਹਲਕਾ ਫੁਲਕਾ

ਅਧਿਆਪਕ (ਵਿਦਿਆਰਥੀ ਨੂੰ), ''ਸੀਨੀਅਰ ਤੇ ਜੂਨੀਅਰ ਵਿੱਚ ਕੀ ਫਰਕ ਹੈ?''

ਵਿਦਿਆਰਥੀ, ''ਜਿਹੜਾ ਸਮੁੰਦਰ ਦੇ ਨੇੜੇ ਰਹਿੰਦਾ ਹੈ, ਉਹ ਸੀ-ਨੀਅਰ ਅਤੇ ਜਿਹੜਾ ਚਿੜੀਆਘਰ ਦੇ ਨੇੜੇ ਰਹਿੰਦਾ ਹੈ, ਉਹ ਜੂ-ਨੀਅਰ।''

********

ਕਰਮਚਾਰੀ (ਬੌਸ ਨੂੰ), ''ਮੈਨੂੰ ਦੋ ਦਿਨ ਦੀ ਛੁੱਟੀ ਚਾਹੀਦੀ ਹੈ।''

ਬੌਸ, ''ਦੇ ਦੇਵਾਂਗਾ, ਪਰ ਉਸ ਤੋਂ ਪਹਿਲਾਂ ਮੇਰੇ ਇੱਕ ਸਵਾਲ ਦਾ ਜਵਾਬ ਦੇ।''

ਕਰਮਚਾਰੀ, ''ਪੁੱਛੋ।''

ਬੌਸ, ''ਦੱਸ ਕਟੱਪਾ ਨੇ ਬਾਹੂਬਲੀ ਨੂੰ ਕਿਉਂ ਮਾਰਿਆ।''

ਕਰਮਚਾਰੀ, ''ਸ਼ਾਇਦ ਬਾਹੂਬਲੀ ਨੇ ਕਟੱਪਾ ਦੀ ਛੁੱਟੀ ਮਨਜ਼ੂਰ ਨਹੀਂ ਕੀਤੀ ਹੋਵੇਗੀ।''

ਬੌਸ, ''ਜਾਹ, ਇੱਕ ਮਹੀਨੇ ਦੀ ਛੁੱਟੀ ਲੈ ਅਤੇ ਮਜ਼ੇ ਕਰੋ।''

# ਇਹ ਹੈ ਸਾਡਾ ਜੀਵਨ ਢੰਗ

(ਹਰਜੀਤ ਬੇਦੀ 647-924-908)

ਜਮਾਨੇ ਨੇ ਬਹੁਤ ਤਰੱਕੀ ਕਰ ਲਈ ਹੈ । ਵਿਦਿਆ ਦਾ ਫੈਲਾਅ, ਨਵੀਆਂ ਕਾਢਾਂ ,ਜੀਵਣ ਦੇ ਨਵੇਂ ਤੌਰ ਤਰੀਕੇ,ਗੱਲ ਕੀ ਨਵੀਆਂ ਗੁੱਡੀਆਂ ਨਵੇਂ ਪਟੋਲੇ । ਜੇ ਇਸ ਨਵੀਨਤਾ ਨੂੰ ਅੰਦਰੋਂ ਫਰੋਲਿਆ ਜਾਵੇ ਤਾਂ ਲੀਰਾਂ ਦੀ ਖਿੱਦੋ ਵਾਲੀ ਹਾਲਤ ਹੈ । ਉੱਪਰੋਂ ਪਿੜੀਆਂ ਬੜੇ ਸਲੀਕੇ ਨਾਲ ਚਿਣੀਆਂ ਜਾਪਦੀਆਂ ਹਨ ਪਰ ਅੰਦਰਲਾ ਬਾਹਰ ਆਉਣ ਤੇ ਚਿੱਤ ਘਾਊਂ ਮਾਊਂ ਹੋਣ ਲਗਦਾ ਹੈ । ਉੱਤੋਂ ਹੋਰ ਤੇ ਵਿੱਚੋਂ ਹੋਰ ਵਾਲੀ ਗੱਲ ਬਾਵ੍ਹੜ ਕੇ ਸਾਡੇ ਸਨਮੁੱਖ ਆਣ ਖਲੋਂਦੀ ਹੈ । ਮਨੁੱਖ ਸਰਪਟ ਦੌੜਦਾ ਜਾ ਰਿਹਾ ਹੈ ਅਤੇ ਸਾਹ ਚੜ੍ਹੇ ਤੋਂ ਸਾਫ ਸਪਸ਼ਟ ਕੁੱਝ ਦਿਖਾਈ ਨਹੀਂ ਦੇ ਰਿਹਾ । ਜੀਵਣ ਦੇ ਹਰ ਖੇਤਰ ਵਿੱਚ ਭੰਵਲਭੂਸਾ ਹੈ । ਇਨ੍ਹਾਂ ਗੱਲਾਂ ਦਾ ਅਸਰ ਸਾਰੇ ਪਾਸੇ ਸਾਫ ਦਿਖਾਈ ਦੇ ਰਿਹਾ ਹੈ ।

ਮਨੁੱਖ ਨੇ ਚੰਦ ਉੱਤੇ ਆਪਣੇ ਪੈਰ ਟਿਕਾਅ ਦਿੱਤੇ ਨੇ ਅਤੇ ਉਸ ਨਾਲ ਸਾਂਝ ਬਣਾ ਲਈ ਹੈ । ਪਰ ਉਹ ਆਪਣੇ ਗੁਆਢੀਆਂ ਤੋਂ ਬੇ-ਖਬਰ ਹੁੰਦਾ ਜਾ ਰਿਹਾ ਹੈ। ਬਿੱਲਕੁੱਲ ਹੀ ਨਜ਼ਦੀਕ ਰਹਿ ਰਹੇ ਮਨੁੱਖਾਂ ਨਾਲ ਸਾਂਝ ਖਤਮ ਹੁੰਦੀ ਜਾ ਰਹੀ ਹੈ । ਸਾਂਝ ਤਾਂ ਕਿੱਥੋਂ ਰਹਿਣੀ ਸੀ ਹਾਲਤ ਤਾਂ ਇੱਥੋਂ ਤੱਕ ਪਹੁੰਚ ਰਹੇ ਹਨ ਕਿ ਹੁਣ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਗੁਆਂਢ ਵਿੱਚ ਰਹਿ ਕੌਣ ਰਿਹਾ ਹੈ। ਹਮਸਾਇਆ ਮਾਂ ਪਿਉ ਜਾਇਆ ਤਾਂ ਬੀਤੇ ਦੀ ਗੱਲ ਹੀ ਬਣ ਕੇ ਰਹਿ ਜਾਵੇਗੀ । ਮਨੁੱਖੀ ਸਾਂਝ ਉੱਡ ਪੁੱਡ ਜਾ ਰਹੀ ਨਜ਼ਰ ਆਉਂਦੀ ਹੈ ।

ਪਰਿਵਾਰਾਂ ਦੀਆਂ ਆਮਦਨਾਂ ਬੇਸ਼ੱਕ ਵਧ ਰਹੀਆਂ ਹਨ । ਪਰ ਮਾਨਸਿਕ ਸਾਂਤੀ ਉਡੰਤਰ ਹੁੰਦੀ ਜਾ ਰਹੀ ਹੈ। ਮਾਨਸਕ ਉਲਝਣਾਂ ਵਿੱਚ ਵਾਧਾ ਹੋਣਾ ਫਿਕਰ ਵਾਲੀ ਗੱਲ ਹੈ । ਪਰਵਾਰਾਂ ਵਿੱਚ ਖੁਸ਼ਹਾਲੀ ਦੇ ਬਾਵਜੂਦ ਖਿੱਚੋਤਾਣ ਵਧ ਰਹੀ ਹੈ । ਘਰੇਲੂ ਕਲੇਸ਼ ,ਪਰਵਾਰਾਂ ਦਾ ਟੁੱਟਣਾ ,ਇੱਕ ਦੂਜੇ ਪ੍ਰਤੀ ਸਨੇਹ ਦੀ ਘਾਟ ,ਅਪਣੱਤ ਨਾ ਹੋਣਾ ਆਮ ਹੋ ਗਿਆ ਹੈ । ਆਪਣੇ ਆਪ ਵਿੱਚ ਮਸਤ ਪਰਿਵਾਰਕ ਮੈਂਬਰਾਂ ਦਾ ਇੱਕੋ ਘਰ ਵਿੱਚ ਰਹਿੰਦੇ ਹੋਏ ਕਈ ਕਈ ਦਿਨ ਇੱਕ ਦੂਜੇ ਨਾਲ ਜ਼ੁਬਾਨ ਸਾਂਝੀ ਨਾ ਕਰਨਾ ਬਦਲੀ ਹੋਈ ਮਾਨਸਿਕਤਾ ਦੀ ਨਿਸ਼ਾਨੀ ਹੈ । "ਪਹਿਲਾਂ ਵਾਲੀ ਗੱਲ ਨਾ ਰਹੀ" ਅਨੁਸਾਰ ਆਪਸੀ ਸਾਂਝ ਨੂੰ ਗ੍ਰਹਿਣ ਲੱਗਿਆ ਜਾਪਦਾ ਹੈ। ਘਰਾਂ ਵਿੱਚ ਖਾਣ ਪੀਣ ਦੀਆਂ ਚੀਜਾਂ ਦੀ ਬਹੁਲਤਾ ਹੋਣ ਦੇ ਬਾਵਜੂਦ ਨੀਤਾਂ ਮਾੜੀਆਂ ਹੋ ਰਹੀਆਂ ਹਨ । ਹਰ ਪਾਸੇ ਨਿੱਜਤਾ ਭਾਰੂ ਹੈ । ਪਹਿਲਾਂ ਵਾਂਗੂ ਪਾਲੋ ਪਾਲ ਮੰਜੇ ਡਾਹ ਕੇ ਸੌਣ ਵੇਲੇ ਪਰਿਵਾਰਕ ਗੱਲਾਂ ਕਰਨੀਆਂ ਬੀਤੇ ਦੀ ਗੱਲ ਹੈ । ਹੁਣ ਤਾਂ ਆਪਣੋ ਆਪਣੇ ਬੈਡਰੂਮਾਂ ਚ ਵੜ ਕੇ ਡੋਰ ਬੰਦ ਕਰ ਕੇ ਸੌਣ ਦਾ ਰਿਵਾਜ ਹੈ । ਕੋਈ ਕਿਸੇ ਨੂੰ ਬੌਦਰ ਨਹੀਂ ਕਰਦਾ ਮਤਲਬ ਆਪਸੀ ਗੱਲਬਾਤ ਵੀ ਕਰਨਾ ਇੱਕ ਦੂਜੇ ਨੂੰ ਬੌਦਰ ਕਰਨਾ ਹੋ ਗਿਆ ਹੈ ।

ਗਿਆਨ ਦਾ ਪਸਾਰਾ ਹੋਣ ਦੇ ਬਾਵਜੂਦ ਸਿਆਣਪ ਘਟਦੀ ਜਾ ਰਹੀ ਹੈ । ਸਿਆਣਪ ਦੇ ਤਾਂ ਅਰਥ ਹੀ ਬਦਲ ਗਏ ਜਾਪਦੇ ਹਨ । ਹੁਣ ਓਹੀ ਸਿਆਣਾ ਜੋ ਨਿੱਜ ਨੂੰ ਪਹਿਲ ਦੇਵੇ । ਆਪਣਾ ਮਤਲਬ ਕੱਢਣਾ ਤੇ ਫਿਰ ਤੂੰ ਕੌਣ ਤੇ ਮੈਂ ਕੌਣ ? ਦੋ ਨੰਬਰ ਦੇ ਧੰਦੇ ਕਰ ਕੇ ਧਨ ਕਮਾਉਣ ਨੂੰ ਸਿਆਣਪ ਸਮਝਿਆ ਜਾਣ ਲੱਗ ਪਿਆ ਹੈ। ਹੇਰਾ-ਫੇਰੀ ਨੂੰ ਕਲਾਕਾਰੀ ਕਹਿ ਕੇ ਨਿਵਾਜ਼ਿਆ ਜਾ ਰਿਹਾ ਹੈ । ਸਿਆਣਪ ਵਰਤ ਕੇ ਸਮਾਜ ਨੂੰ ਹੋਰ ਚੰਗੇਰਾ ਬਣਾਉਣ ਦੀ ਥਾਂ ਤਿਕੜਮਬਾਜੀ ਨੇ ਲੈ ਲਈ ਹੈ । ਸਿਆਣਪ ਦੀ ਕੋਈ ਪ੍ਰੀਭਾਸ਼ਾ ਨਹੀਂ ਰਹੀ,ਦੁਨੀਆ ਦਾ ਹਰ ਬੰਦਾ ਆਪਣੇ ਆਪ ਨੂੰ ਸਭ ਤੋਂ ਸਿਆਣਾ ਮਨੁੱਖ ਸਮਝਦਾ ਹੈ । ਜੇ ਕੋਈ ਆਪਣਾ ਹਿੱਤ ਮੂਹਰੇ ਰੱਖਣ ਦੀ ਥਾਂ ਤੇ ਸਮਾਜ ਦੇ ਭਲੇ ਲਈ ਕੋਈ ਸਿਆਣੀ ਗੱਲ ਕਰਦਾ ਹੈ ਤਾਂ ਉਸਨੂੰ ਸਗੋਂ ਮੂਰਖ ਸਮਝਿਆ ਜਾਂਦਾ ਹੈ । ਇਹਨਾਂ ਗੱਲਾਂ ਕਰ ਕੇ ਸਮਾਜ ਦਾ ਤਾਣਾ-ਬਾਣਾ ਉਲਝ ਰਿਹਾ ਹੈ । ਰਹਿੰਦੀ ਖੂੰਹਦੀ ਕਸਰ ਸਾਡੇ ਸਿਆਸਤਦਾਨ ਕੱਢ ਰਹੇ ਹਨ । ਉਹ ਰਹਿਬਰ ਬਣਨ ਦੀ ਥਾਂ ਤੇ ਠੱਗਾਂ ਦੇ ਟੋਲੇ ਬਣਦੇ ਜਾ ਰਹੇ ਹਨ। ਲੋਕਾਂ ਨੂੰ ਆਪਣੇ ਪਿੱਛੇ ਲਾਉਣ ਨੂੰ ਆਪਣੀ ਸਿਆਣਪ ਸਮਝਦੇ ਹਨ ਜਦੋਂ ਕਿ ਉਹ ਨਿਰੋਲ ਚੁਸਤੀ, ਚਲਾਕੀ ਅਤੇ ਮੱਕਾਰੀ ਹੁੰਦੀ ਹੈ ।

ਕਹਿਣ ਨੂੰ ਤਾਂ ਦੁਨੀਆਂ ਵਿੱਚ ਮਨੁੱਖਾਂ ਦੀ ਗਿਣਤੀ ਵਧ ਰਹੀ ਹੈ ਪਰ ਮਨੁੱਖਾਂ ਦੀ ਗਿਣਤੀ ਦੇ ਵਾਧੇ ਦੀ ਅਨੁਪਾਤ ਦੀ ਦਰ ਨਾਲ ਹੀ ਮਨੁੱਖਤਾ ਘਟ ਰਹੀ ਹੈ । ਮਨੁੱਖ ਦਿਨੋਂ ਦਿਨ ਨਿੱਜਵਾਦੀ ਹੋ ਰਿਹਾ ਹੈ ।ਉਸ ਨੂੰ ਆਪਣੇ ਆਪ ਤੋਂ ਬਿਨਾਂ ਕੁੱਝ ਹੋਰ ਦਿਖਾਈ ਦੇਣੋਂ ਹਟਦਾ ਜਾ ਰਿਹਾ ਹੈ । ਮਸੀਨਾਂ ਤੇ ਕੰਮ ਕਰ ਕੇ ਬੰਦਾ, ਬੰਦਾ ਨਾ ਰਹਿ ਕੇ ਮਸ਼ੀਨ ਹੀ ਬਣਦਾ ਜਾ ਰਿਹਾ ਹੈ । ਨਿਜੀ ਆਜ਼ਾਦੀ ਦੇ ਸੌੜੇ ਸੰਕਲਪ ਨੇ ਮਨੁੱਖ ਨੂੰ ਮਨੁੱਖ ਨਾਲੋਂ ਲੱਗਭੱਗ ਤੋੜ ਹੀ ਦਿੱਤਾ ਹੈ । ਹਰੇਕ ਬੰਦੇ ਦੀ ਇਹੀ ਚਾਹਣਾਂ ਹੈ ਕਿ ਮੇਰੀ ਨਿੱਜੀ ਆਜਾਦੀ ਕਾਇਮ ਰਹਿਣੀ ਚਾਹੀਦੀ ਹੈ ਦੂਜੇ ਭਾਵੇਂ ਢੱਠੇ ਖੂਹ ਚ ਪੈਣ । ਤ੍ਰਾਸਦੀ ਇਹ ਕਿ ਨਿਜੀ ਆਜ਼ਾਦੀ ਦੇ ਗਲਤ ਅਰਥ ਲਏ ਜਾ ਰਹੇ ਹਨ ਤੇ ਇਸ ਕਰ ਕੇ ਆਪਣੇ ਆਪ ਨਾਲ ਵੀ ਇਨਸਾਫ ਨਹੀਂ ਹੋ ਰਿਹਾ । ਜੇ ਗਲਤ ਧਾਰਨਾਵਾਂ ਮਨ ਵਿੱਚ ਬਿਠਾ ਕੇ ਮਨੁੱਖ ਆਪਣੇ ਆਪ ਨਾਲ ਵੀ ਬੇਇਨਸਾਫੀ ਕਰਨ ਤੇ ਤੁਲਿਆ ਹੋਇਆ ਹੈ ਤਾਂ ਉਸ ਤੋਂ ਦੂਜਿਆਂ ਨਾਲ ਇਨਸਾਫ ਦੀ ਆਸ ਕਿੱਥੋਂ ਰੱਖੀ ਜਾ ਸਕਦੀ ਹੈ। ਮਨੁੱਖਤਾ ਦਾ ਘਾਣ ਤਾਂ ਹੋਣਾ ਹੀ ਹੋਇਆ । ਸਹਿਹੋਂਦ ਅਤੇ ਸ਼ਹਿਣਸ਼ੀਲਤਾ ਬੰਦੇ ਦੇ ਸੁਭਾਅ ਵਿੱਚੋਂ ਖਤਮ ਹੋ ਰਹੀਆਂ ਹਨ । ਇਹਨਾਂ ਦੋਹਾਂ ਗੁਣਾਂ ਤੋਂ ਸੱਖਣੇ ਬੰਦਿਆਂ ਤੋਂ ਚੰਗੇ ਸਮਾਜ ਦੀ ਸਿਰਜਣਾ ਦੀ ਉੱਕਾ ਹੀ ਆਸ ਨਹੀਂ ਹੋ ਸਕਦੀ ।

ਅੱਜ ਫੇਸ-ਬੁੱਕ ਤੇ ਸਾਡੇ ਮਿੱਤਰਾਂ ਦੀ ਗਿਣਤੀ ਬੇਸੁਮਾਰ ਹੋ ਸਕਦੀ ਹੈ। ਪਰ "ਬੈਸਟ ਫਰੈਂਡਜ" ਦਾ ਕਾਲ ਪੈਂਦਾ ਜਾ ਰਿਹਾ ਹੈ । ਮਿੱਤਰ ਹੀ ਮਿੱਤਰ, ਪਰ ਪੱਕਾ ਮਿੱਤਰ ਕੋਈ ਨਹੀਂ। ਉਂਝ ਤਾਂ ਸਾਡੇ ਕੋਲ ਸਮਾਂ ਨਹੀਂ ਪਰ ਸਮਾਂ ਲੰਘਾਉਣ ਲਈ ਲੰਬਾ ਸਮਾਂ ਫੇਸ-ਬੁੱਕ ਖੋਲ੍ਹ ਕੇ ਬੈਠੇ ਰਹਿੰਦੇ ਹਾਂ । ਫੇਸ-ਬੁੱਕ ਖੋਲ੍ਹਣ ਸਾਰ ਨਵੀਆਂ ਪੋਸਟਾਂ ਤੇ ਕਲਿੱਕ ਕਰਕੇ "ਲਾਈਕ " ਕਰਦੇ ਹਾਂ ਪਰ ਬਹੁਤੀ ਵਾਰ ਪੜ੍ਹੇ ਤੋਂ ਬਿਨਾਂ ਹੀ । ਜਿਹੜੀਆਂ ਪੋਸਟਾਂ ਵਿੱਚ ਸਿਰਫ ਹਰ ਰੋਜ ਆਪਣੀਆਂ ਨਵੀਆਂ ਫੋਟੋ ਹੀ ਪਾਈਆਂ ਹੁੰਦੀਆਂ ਹਨ । "ਲਾਈਕ "ਦੀ ਗਿਣਤੀ ਉਹਨਾਂ ਤੇ ਵਧੇਰੇ ਤੇ ਕੁੰਮੈਂਟਸ ਵੀ ਵਧੇਰੇ ਤੇ ਹਾਸੋ ਹੀਣੇ "ਬਹੁਤ ਸੁੰਦਰ " ,"ਘੈਂਟ "," ਅੱਤ ਕਰਤੀ" ,"ਸਿਰਾ ਕਰਤਾ", "ਸੁਹਣੇ"। ਝੂਠੀ-ਮੂਠੀ ਫੂਕ ਛਕਾਉਣ ਵਾਲੇ ਵੀ ਖੁਸ਼ ਤੇ ਛਕਣ ਵਾਲਾ ਵੀ ਖੁਸ਼ । ਦੂਜਿਆਂ ਕੋਲ ਸ਼ੇਖੀਆਂ ਮਾਰਣਗੇ,ਮੇਰੀ ਪੋਸਟ ਨੂੰ ਐਨੇ "ਲਾਈਕ" ਮਿਲੇ ਨੇ। ਆਮ ਤੌਰ ਤੇ ਜਿੰਨ੍ਹਾ ਨੇ ਕੋਈ ਸਾਰਥਕ ਪੋਸਟਾਂ ਪਾਈਆਂ ਹੁੰਦੀਆਂ ਹਨ । ਉਨ੍ਹਾਂ ਨੂੰ ਪਤਾ ਨੀ ਪੜ੍ਹਨਾ ਪੈਂਦਾ ਕਰਕੇ ਬਹੁਤ ਘੱਟ ਗਿਣਤੀ ਵਿੱਚ "ਲਾਈਕ" ਮਿਲਦੇ ਹਨ । ਫੇਸ-ਬੁੱਕ ਨੇ ਭੇਡ-ਚਾਲ ਦਾ ਰੂਪ ਧਾਰਨ ਕਰ ਲਿਆ ਹੈ। ਫੇਸ-ਬੁੱਕ ਫੈਸ਼ਨ ਬੁੱਕ ਹੈ ਬੱਸ । ਬਹੁਤ ਘੱਟ ਲੋਕ ਹਨ ਜੋ ਇਸ ਦੀ ਸਹੀ ਵਰਤੋਂ ਕਰਦੇ ਹਨ । ਬਹੁਤੀਆਂ ਹਾਲਤਾਂ ਵਿੱਚ ਤਾਂ-

ਕੰਪਿਊਟਰ ਦੇ ਨਾਲ ਪਾ ਲਈ ਜਿਸ ਬੰਦੇ ਨੇ ਦੋਸਤੀ,
ਮਿੱਤਰ ਜਿਉਂਦਾ ਜਾਗਦਾ ਸਮਝੋ ਉਸ ਲਈ ਮਰ ਗਿਆ।
ਕੋਈ ਕਿਵੇਂ ਸਮਝ ਲਊ ਫੇਸ-ਬੁੱਕ ਦੇ ਮਿੱਤਰਾਂ ਨੂੰ,
ਮਿੱਤਰ ਫੇਸ-ਬੁੱਕ ਦਾ ਏਸੇ ਲਈ ਠੱਗੀ ਕਰ ਗਿਆ ।

ਫੇਸ-ਬੁੱਕ , ਵੱਟਸ-ਅੱਪ ,ਫੋਨ ਅਤੇ ਹੋਰ ਟੈਕਨੋਲੋਜੀ ਦੀ ਬਹੁਤ ਜਿਆਦਾ ਦੁਰਵਰਤੋਂ ਹੋ ਰਹੀ ਹੈ । ਆਮ ਘਰਾਂ ਵਿੱਚ ਦੇਖਿਆ ਜਾ ਸਕਦਾ ਹੈ ਕਿ ਘਰ ਦੇ ਜੀਅ ਘਰੇ ਹੋਣ ਦੇ ਬਾਵਜੂਦ ਵੀ ਇੱਕ ਦੂਜੇ ਲਈ ਘਰੇ ਨਹੀਂ ਹੁੰਦੇ । ਇੱਕ ਦੂਜੇ ਤੋਂ ਬੇ-ਖਬਰ ਆਪੋ ਆਪਣੇ ਕੰਪਿਊਟਰ ਤੇ ਫੇਸ-ਬੁੱਕ , ਵੱਟਸ-ਅੱਪ,ਈ-ਮੇਲ ਜਾਂ ਕਿਸੇ ਹੋਰ ਅਜਿਹੇ ਕੰਮ ਵਿੱਚ ਉਲਝੇ ਹੁੰਦੇ ਹਨ ।

ਅੱਜ ਦਾ ਸਾਡਾ ਜੀਣਾ ਅਸਲ ਘੱਟ ਤੇ ਨਕਲ ਵੱਧ ਬਣਦਾ ਜਾ ਰਿਹਾ ਹੈ । ਬੱਸ ਸਭ ਕੁੱਝ ਪੇਤਲਾ,ਪੇਤਲਾ ਸਭ ਕੁੱਝ ਓਪਰਾ ਓਪਰਾ ,ਯਥਾਰਥ ਤੋਂ ਕੋਹਾਂ ਦੂਰ। ਇਹ ਸਮਾਂ ਸਾਨੂੰ ਬੇਸੁਮਾਰ ਨਵੀਆਂ ਨਵੀਆਂ ਚੀਜਾਂ ਦੇ ਰਿਹਾ ਹੈ । ਬਹੁਤ ਸਾਰੀਆਂ ਸਹੂਲਤਾਂ ਸਾਡੇ ਲਈ ਹਨ ਪਰ ਮਾਨਸਿਕ ਤਸੱਲੀ ਨਹੀਂ ।ਇਹ ਸਾਡੇ ਸਮੇਂ ਦੀ ਸਚਾਈ ਹੈ ।

# 550ਵੇਂ ਪ੍ਰਕਾਸ਼ ਪੁਰਬ ਦਾ 12 ਕਰੋੜ ਦਾ ਠੇਕਾ, ਸਾਢੇ ਪੰਦਰਾਂ ਦਾ ਬਿੱਲ ਆ ਗਿਆ

## * ਪ੍ਰਵਾਨਗੀ ਵੇਲੇਵਧੀਕ ਸਕੱਤਰ ਨੇ ਭੁਗਤਾਨ ਰੋਕ ਦਿੱਤਾ



ਅੰਮ੍ਰਿਤਸਰ, 26 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸੁਲਤਾਪੁਰ ਲੋਧੀ ਵਿਖੇ ਲਾਏ ਪੰਡਾਲ, ਲਾਈਟ ਐਂਡ ਸਾਊਡ, ਦੀਪਮਾਲਾ ਤੇ ਹੋਰ ਵੱਖ-ਵੱਖ ਕੰਮਾਂ ਲਈ ਕਰੀਬ 12 ਕਰੋੜ ਰੁਪਏ ਦਾ ਟੈਂਡਰ ਦਿੱਤਾ ਸੀ। ਉਕਤ ਕੰਮ ਨੇਪਰੇ ਚਾੜ੍ਹਨ ਵਾਲੀ ਫਰਮ ਨੇ ਸਾਢੇ ਤਿੰਨ ਕਰੋੜ ਰੁਪਏ ਵਧਾ ਕੇ ਬਿੱਲ ਭੇਜ ਦਿੱਤਾ। ਹਾਈਪਾਵਰ ਸਬ-ਕਮੇਟੀ ਵਿੱਚ ਇੱਕ ਵਧੀਕ ਸਕੱਤਰ ਨੇ ਦੋ ਟੁੱਕ ਜਵਾਬ ਦੇ ਦਿੱਤਾ ਕਿ ਟੈਂਡਰ ਤੋਂ ਵੱਧ ਬਿੱਲ ਦਾ ਭੁਗਤਾਨ ਨਹੀਂ ਕੀਤਾ ਜਾ ਸਕਦਾ।

ਪਤਾ ਲੱਗਾ ਹੈ ਕਿ ਗੁਰਦੁਆਰਾ ਸੁਲਤਾਨਪੁਰ ਲੋਧੀ ਸਾਹਿਬ ਵਿਖੇ ਸ਼ਤਾਬਦੀ ਸਮਾਗਮ ਮੌਕੇ ਪੰਡਾਲ, ਲਾਈਟ ਐਂਡ ਸਾਊਂਡ, ਡਰੋਨ, ਦੀਪਮਾਲਾ ਤੇ ਹੋਰ ਵੱਖ-ਵੱਖ ਕੰਮਾਂ ਲਈ ਇਸ ਫਰਮ ਨੂੰ ਕਰੀਬ 12 ਕਰੋੜ ਰੁਪਏ ਦਾ ਟੈਂਡਰ ਦਿੱਤਾ ਗਿਆ ਸੀ। ਫਰਮ ਨੇ ਹਾਈਪਾਵਰ ਸਬ-ਕਮੇਟੀ ਸਾਹਮਣੇ ਸਾਢੇ ਤਿੰਨ ਕਰੋੜ ਦਾ ਵੱਧ ਬਿੱਲ ਪੇਸ਼ ਕੀਤਾ। ਇਸ ਫਰਮ ਦੇ ਬਿੱਲ ਦੀ ਪੁਸ਼ਟੀ ਲਈ ਬਹੁਤੇ ਮੈਂਬਰ ਤਿਆਰ ਸਨ, ਪਰ ਇੱਕ ਵਧੀਕ ਸਕੱਤਰ ਨੇ ਟੈਂਡਰ ਦੀ ਰਕਮ ਤੋਂ ਵੱਧ ਪੈਸੇ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ।ਸਾਢੇ ਤਿੰਨ ਕਰੋੜ ਰੁਪਏ ਵੱਧ ਬਿੱਲ ਬਾਰੇ ਹਾਈਪਾਵਰ ਸਬ-ਕਮੇਟੀ ਦੇ ਮੈਂਬਰਾਂ 'ਚੋਂ ਸ਼੍ਰੋਮਣੀ ਕਮੇਟੀ ਦੇ ਇੱਕ ਵੱਡੇ ਅਹੁਦੇਦਾਰ, ਇੱਕ ਸਕੱਤਰ, ਮੀਤ ਸਕੱਤਰ ਅਤੇ ਸੀ ਏ ਇਸ ਗੱਲ ਬਾਰੇ ਰਾਜ਼ੀ ਸਨ ਕਿ ਇਹ ਭੁਗਤਾਨ ਕਰ ਦੇਣਾ ਚਾਹੀਦਾ ਹੈ ਪਰ ਵਧੀਕ ਸਕੱਤਰ ਨੇ ਭੁਗਤਾਨ ਨੂੰ ਨਾ ਕਰਨ ਦੀ ਅੜੀ ਕਰ ਲਈ। ਉਸ ਨੇ ਸਾਫ ਕਿਹਾ ਕਿ ਇਹ ਭੁਗਤਾਨ ਗੁਰੂ ਦੀ ਗੋਲਕ ਨਾਲ ਧੋਖਾ ਹੈ ਤੇ ਉਹ ਇਸ ਧੋਖੇ 'ਚ ਸ਼ਾਮਲ ਨਹੀ ਹੋਣਗੇ। ਉਨ੍ਹਾਂ ਨੇ ਕੰਪਨੀ ਨੂੰ ਪੁੱਛਿਆ ਕਿ ਟੈਂਡਰ ਤੋਂ ਵੱਖਰੇ ਤੌਰ 'ਤੇ ਦਿੱਤੀਆਂ ਗਈਆਂ ਸਹੂਲਤਾਂ ਕਿਸ ਦੇ ਕਹਿਣ ਉਤੇ ਦਿੱਤੀਆਂ ਸਨ। ਚਰਚਾ ਹੈ ਕਿ ਇਹ ਸੁਣ ਕੇ ਕੰਪਨੀ ਦੇ ਨੁਮਾਇੰਦੇ ਨੇ ਇੱਕ ਵੱਡੇ ਆਗੂ ਦਾ ਨਾਂ ਲੈ ਕੇ ਕਿਹਾ ਕਿ 'ਅਬ ਆਪ ਉਨਸੇ ਹੀ ਬਾਤ ਕਰਨਾ।'

# ਰੋਅਬ ਝਾੜਨ ਲਈ ਗੱਡੀ 'ਤੇ ਸਟਿੱਕਰ ਅਤੇ ਝੰਡੀ ਲਾਉਣਾ ਗੈਰ-ਕਾਨੂੰਨੀ ਕਰਾਰ




ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ)- ਸਿਰਫ ਰੋਅਬ ਜਾਂ ਸ਼ਾਨ ਦਿਖਾਉਣ ਲਈ ਸਰਕਾਰੀ ਜਾਂ ਨਿੱਜੀ ਵਾਹਨ 'ਤੇ ਪਾਰਲੀਮੈਂਟ ਮੈਂਬਰ, ਵਿਧਾਇਕ, ਮੇਅਰ, ਕੌਂਸਲਰ, ਚੇਅਰਮੈਨ, ਡਾਇਰੈਕਟਰ, ਐਡਵੋਕੇਟ, ਡਾਕਟਰ, ਆਰਮੀ, ਸੀ ਏ, ਪ੍ਰੈਸ, ਪੁਲਸ, ਭਾਰਤ ਸਰਕਾਰ, ਪੰਜਾਬ ਸਰਕਾਰ, ਹਰਿਆਣਾ ਸਰਕਾਰ ਜਾਂ ਕਿਸੇ ਰਾਜਸੀ ਪਾਰਟੀ ਦਾ ਨਾਮ ਜਾਂ ਝੰਡੀ ਲਾ ਕੇ ਚੱਲਣ ਵਾਲੇ 'ਸਭ ਫੜੇ ਜਾਣਗੇ' ਕਿਉਂਕਿ ਪੰਜਾਬ ਹਰਿਆਣਾ ਹਾਈਕੋਰਟ ਨੇ ਇਸ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਅਤੇ ਟ੍ਰੈਫਿਕ ਰੂਲਜ਼ ਦੀ ਉਲੰਘਣਾ ਦੱਸ ਕੇ ਪੁਲਸ ਨੂੰ ਕਾਰਵਾਈ ਵਾਸਤੇ ਨਿਰਦੇਸ਼ ਦਿੱਤੇ ਹਨ। ਸਿਰਫ਼ ਐਂਬੂਲੈਂਸ, ਫਾਇਰ ਬ੍ਰਿਗੇਡ ਅਤੇ ਐਮਰਜੈਂਸੀ ਸੇਵਾਵਾਂ 'ਚ ਲੱਗੇ ਵਾਹਨਾਂ 'ਤੇ ਲਿਖਿਆ ਜਾ ਸਕੇਗਾ ਤੇ ਜੇ ਕਿਸੇ ਵਾਹਨ 'ਚ ਬੀਮਾਰ ਵਿਅਕਤੀ ਨੂੰ ਲਿਜਾਇਆ ਜਾ ਰਿਹਾ ਹੈ ਤਾਂ ਉਸ ਨੂੰ ਐਂਬੂਲੈਂਸ ਦੀ ਸ਼੍ਰੇਣੀ 'ਚ ਮੰਨਿਆ ਜਾਵੇਗਾ। ਕਿਸੇ ਸੰਸਥਾ, ਸੋਸਾਇਟੀ, ਕਲੱਬ ਦੀ ਪਾਰਕਿੰਗ ਜਾਂ ਐਂਟਰੀ ਦਾ ਸਟਿਕਰ ਲਾਉਣ ਦੀ ਆਗਿਆ ਰਹੇਗੀ।

ਜਸਟਿਸ ਰਾਜੀਵ ਸ਼ਰਮਾ ਦੇ ਬੈਂਚ ਨੇ ਟ੍ਰੈਫਿਕ ਕੰਟ੍ਰੋਲ ਬਾਰੇ ਕੇਸ ਦੀ ਸੁਣਵਾਈ ਦੌਰਾਨ ਇਹ ਹੁਕਮ ਜਾਰੀ ਕੀਤੇ ਅਤੇ ਸਭ ਤੋਂ ਪਹਿਲਾਂ ਜਸਟਿਸ ਰਾਜੀਵ ਸ਼ਰਮਾ ਨੇ ਆਪਣੇ ਡਰਾਈਵਰ ਨੂੰ ਸੱਦ ਕੇ ਆਪਣੀ ਸਰਕਾਰੀ ਗੱਡੀ 'ਤੇ ਲਿਖਿਆ ਹਾਈਕੋਰਟ ਮਿਟਾਉਣ ਨੂੰ ਕਿਹਾ। ਕੋਰਟ ਦਾ ਕਹਿਣਾ ਸੀ ਕਿ ਵਾਹਨਾਂ ਵਿੱਚ ਡੈਜ਼ੀਗਨੇਸ਼ਨ, ਸਟੇਟਸ, ਜਾਬ ਪ੍ਰੋਫਾਈਲ ਜਾਂ ਲੋਕ ਪ੍ਰਤੀਨਿਧ ਹੋਣ ਦੀ ਪਚਾਣ ਜਾਂ ਆਪਣੇ ਪ੍ਰੋਫੈਸ਼ਨ ਲਿਖਣ ਪਿੱਛੇ ਮਕਸਦ ਸਿਰਫ ਪੁਲਸ 'ਤੇ ਰੋਅਬ ਦਿਖਾਉਣਾ ਹੈ, ਤਾਂ ਕਿ ਟ੍ਰੈਫਿਕ ਦੇ ਨਿਯਮ ਤੋੜਨ ਉਤੇ ਉਨ੍ਹਾਂ ਨੂੰ ਕੋਈ ਰੋਕੇ ਨਾ ਜਾਂ ਪਾਰਕਿੰਗ ਦੇ ਪੈਸੇ ਬਚਾਉਣਾ ਹੈ। ਰਾਜਨੀਤਕ ਪਾਰਟੀ ਦੀ ਝੰਡੀ, ਨੇਤਾ ਦੇ ਪੋਸਟਰ ਚਿਪਕਾਉਣ ਪਿੱਛੇ ਵੀ ਮਕਸਦ ਸਿਰਫ਼ ਰੋਅਬ ਦਿਖਾਉਣਾ ਹੈ ਪਰ ਇਹ ਨਹੀਂ ਚੱਲੇਗਾ। ਜੇ ਉਕਤ ਕੋਈ ਵੀ ਸ਼ਬਦ ਜਾਂ ਪਛਾਣ ਕਿਸੇ ਵਾਹਨ 'ਤੇ ਲਿਖੀ ਦਿਖਾਈ ਦਿੱਤੀ ਤਾਂ ਇਹ ਆਵਾਜਾਈ ਨਿਯਮਾਂ ਦੀ ਉਲੰਘਣਾ ਹੋਵੇਗੀ, ਜਿਸ 'ਤੇ ਚਲਾਨ ਕਟੇਗਾ ਅਤੇ ਜੇ ਸਬੰਧਤ ਵਿਅਕਤੀ ਵਾਹਨ 'ਚ ਲਿਖੇ ਜਾਂ ਚਿਪਕਾਏ ਗਏ ਸਟਿੱਕਰ ਨਾਲ ਸਬੰਧਤ ਨਾ ਪਾਇਆ ਗਿਆ ਤਾਂ ਅਪਰਾਧਿਕ ਮਾਮਲਾ ਵੀ ਦਰਜ ਕੀਤਾ ਜਾਵੇਗਾ।

# ਹਰਸਿਮਰਤ ਖੁਸ਼ ਹੈ ਕਿ ਲੁਧਿਆਣੇ ਦੇ ਬੁੱਚੜਖਾਨੇ ਦਾ ਉਦਘਾਟਨ ਹੋ ਰਿਹੈ

ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ)- ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕੱਲ੍ਹ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਕਾਂਗਰਸ ਸਰਕਾਰ ਲੁਧਿਆਣਾ ਦੇ ਆਧੁਨਿਕ ਬੁੱਚੜਖਾਨੇ ਦਾ ਉਦਘਾਟਨ ਕਰ ਰਹੀ ਹੈ, ਜਿਸ ਲਈ ਉਨ੍ਹਾਂ ਦੇ ਮੰਤਰਾਲੇ ਨੇ 7.93 ਕਰੋੜ ਰੁਪਏ ਦੀ ਗਰਾਂਟ ਦਿੱਤੀ ਹੈ ਪਰ ਸਰਕਾਰ ਅਜੇ ਵੀ ਫੂਡ ਪ੍ਰੋਸੈਸਿੰਗ ਮੰਤਰਾਲੇ ਸਦਕਾ ਹੋਂਦ 'ਚ ਆਏ ਲਾਡੋਵਾਲ ਮੈਗਾ ਫੂਡ ਪਾਰਕ ਤੋਂ ਪੈਰ ਖਿੱਚ ਰਹੀ ਹੈ, ਜੋ ਸਹੀ ਨਹੀਂ ਹੈ।

ਇਥੇ ਪ੍ਰੈਸ ਬਿਆਨ ਜਾਰੀ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਲੁਧਿਆਣਾ ਵਿੱਚ ਇਹ ਆਧੁਨਿਕ ਬੁੱਚੜਖਾਨਾ ਬਣਾਉਣ ਉਤੇ 19.50 ਕਰੋੜ ਰੁਪਏ ਖਰਚਾ ਆਇਆ ਹੈ, ਜਿਸ 'ਚੋਂ 7.93 ਕਰੋੜ ਰੁਪਏ ਦੀ ਗਰਾਂਟ ਫੂਡ ਪ੍ਰੋਸੈਸਿੰਗ ਮੰਤਰਾਲੇ ਨੇ ਦਿੱਤੀ ਹੈ। ਇਹ ਪ੍ਰਾਜੈਕਟ ਫੂਡ ਪ੍ਰਾਸੈਸਿੰਗ ਇੰਡਸਟਰੀ ਅਤੇ ਖਪਤਕਾਰਾ ਦੀਆਂ ਮੁਸ਼ਕਲਾਂ ਦੂਰ ਕਰੇਗਾ। ਇਸ ਦੇ ਨਾਲ ਲਾਡੋਵਾਲ ਮੈਗਾ ਫੂਡ ਪਾਰਕ ਚੱਲਣ ਵਿੱਚ ਹੋ ਰਹੀ ਦੇਰੀ ਪੰਜਾਬ ਅੰਦਰ ਫੂਡ ਪ੍ਰੋਸੈਸਿੰਗ ਇੰਡਸਟਰੀ, ਅਗਾਂਹਵਧੂ ਕਿਸਾਨਾਂ ਤੇ ਉਨ੍ਹਾਂ ਨੌਜਵਾਨਾਂ ਦਾ ਨੁਕਸਾਨ ਕਰ ਰਹੀ ਹੈ, ਜਿਨ੍ਹਾਂ ਨੂੰ ਇਸ ਦੇ ਸ਼ੁਰੂ ਹੋਣ ਨਾਲ ਨੌਕਰੀਆਂ ਮਿਲਣੀਆਂ ਸਨ।

# ਜਸਟਿਸ ਬੋਬੜੇ ਮੁਤਾਬਕ ਬਹੁਤਾ ਟੈਕਸ ਲੈਣਾ ਸਮਾਜਿਕ ਅਨਿਆਂ




ਨਵੀਂ ਦਿੱਲੀ, 26 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਚੀਫ ਜਸਟਿਸ ਸ਼ਰਦ ਅਰਵਿੰਦ ਬੋਬੜੇ ਨੇ ਦੇਸ਼ ਦੀ ਜਨਤਾ 'ਤੇ ਟੈਕਸ ਦਾ ਬੋਝ ਘੱਟ ਕਰਨ ਅਤੇ ਦੇਸ਼ ਦੇ ਵਿਕਾਸ ਲਈ ਵਿਸ਼ੇਸ਼ ਯਤਨ ਕੀਤੇ ਜਾਣ ਦੀ ਕੇਂਦਰ ਸਰਕਾਰ ਨੂੰ ਸਲਾਹ ਦਿੱਤੀ ਹੈ, ਜਿਸ ਦੀ ਕਈ ਪੱਖਾਂ ਤੋਂ ਤਾਰੀਫ ਕੀਤੀ ਗਈ ਹੈ।

ਇਨਕਮ ਟੈਕਸ ਅਪੀਲ ਟ੍ਰਿਬਿਊਨਲ (ਆਈ ਏ ਟੀ) ਦੇ 79ਵੇਂ ਸਥਾਪਨਾ ਦਿਵਸ ਸਮਾਰੋਹ ਨੂੰ ਸੰਬੋਧਨ ਕਰਦੇ ਵਕਤਜਸਟਿਸ ਬੋਬੜੇ ਨੇ ਕਿਹਾ ਕਿ 'ਬਹੁਤ ਜ਼ਿਆਦਾ ਟੈਕਸ' ਨੂੰ ਸਮਾਜਿਕ ਅਨਿਆਂ ਦੇ ਤੌਰ 'ਤੇ ਵੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਟੈਕਸ ਚੋਰੀ ਇਸ ਦੇਸ਼ ਦੇ ਨਾਗਰਿਕਾਂ ਪ੍ਰਤੀ ਸਮਾਜਿਕ ਅਨਿਆਂ ਹੈ ਤਾਂ ਮਨਮਾਨੇ ਤਰੀਕੇ ਨਾਲ ਤੇ ਬਹੁਤ ਜ਼ਿਆਦਾ ਟੈਕਸ ਵਸੂਲਣਾ ਸਰਕਾਰ ਵੱਲੋਂ ਕੀਤਾ ਸਮਾਜਿਕ ਅਨਿਆਂ ਹੈ। ਚੀਫ ਜਸਟਿਸ ਨੇ ਆਮਦਨ ਟੈਕਸ ਦੇ ਵਿਵਾਦ ਵਿੱਚ ਅਦਾਲਤਾਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਟੈਕਸ ਵਿਵਾਦ ਨਿਬੇੜਨਵਾਲੀਆਂ ਅਦਾਲਤਾਂ ਦੇਸ਼ ਲਈ ਵਸੀਲੇ ਜੁਟਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਇਨਕਮ ਟੈਕਸ ਟ੍ਰਿਬਿਊਨਲ, ਨਿਆਂਪਾਲਿਕਾ ਦਾ ਬੋਝ ਘੱਟ ਕਰਨ ਵਿੱਚ ਮਦਦ ਕਰਦੇ ਹਨ।

# ਚੋਣ ਕਮਿਸ਼ਨ ਰਾਜਨੀਤੀ ਦਾ ਅਪਰਾਧੀਕਰਨ ਰੋਕਣ ਵਾਸਤੇ ਫਰੇਮ ਵਰਕ ਬਣਾਵੇ: ਸੁਪਰੀਮ ਕੋਰਟ



ਨਵੀਂ ਦਿੱਲੀ, 26 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਰਾਜਨੀਤੀ ਦੇ ਅਪਰਾਧੀਕਰਨ ਨੂੰ ਖਤਮ ਕਰਨ ਬਾਰੇ ਫਰੇਮ ਵਰਕ ਤਿਆਰ ਕਰਨ ਲਈ ਚੋਣ ਕਮਿਸ਼ਨ ਨੂੰ ਕਿਹਾ ਹੈ।

ਦੇਸ਼ ਦੇ ਰਾਜਨੀਤਕ ਚਰਿੱਤਰ ਤੋਂ ਨਾਰਾਜ਼ ਚੋਣ ਕਮਿਸ਼ਨ ਕੱਲ੍ਹ ਸੁਪਰੀਮ ਕੋਰਟ ਦੀ ਸ਼ਰਨ ਵਿੱਚ ਪਹੁੰਚਿਆ ਅਤੇ ਅਦਾਲਤ ਨੂੰ ਕਿਹਾ ਕਿ ਉਸ ਨੇ 2018 ਵਿੱਚ ਹੁਕਮ ਦਿੱਤਾ ਸੀ ਕਿ ਚੋਣ ਉਮੀਦਵਾਰ ਆਪਣੇ ਅਪਰਾਧਿਕ ਪਿੱਛੋਕੜ ਬਾਰੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਵਿੱਚ ਐਲਾਨ ਕਰਨ। ਇਸ ਪਿੱਛੇ ਉਸ ਦੀ ਸੋਚ ਸੀ ਕਿ ਅਪਰਾਧੀ ਪਿਛੋਕੜ ਜਨਤਕ ਕਰਨ ਨਾਲ ਰਾਜਨੀਤੀ ਦੇ ਅਪਰਾਧੀਕਰਨ 'ਤੇ ਰੋਕ ਲੱਗੇਗੀ, ਪਰ ਏਦਾਂ ਨਹੀਂ ਹੁੰਦਾ। ਉਮੀਦਵਾਰਾਂ ਤੋਂ ਉਨ੍ਹਾਂ ਦੇ ਅਪਰਾਧੀ ਪਿਛੋਕੜ ਦਾ ਐਲਾਨ ਕਰਵਾਉਣ ਦੀ ਬਜਾਏ ਰਾਜਨੀਤਕ ਪਾਰਟੀਆਂ ਨੂੰ ਕਿਹਾ ਕਿ ਜਾਏ ਕਿ ਉਹ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਟਿਕਟ ਹੀ ਨਾ ਦੇਣ।

ਜਸਟਿਸ ਆਰ ਐਫ ਨਰੀਮਨ ਅਤੇ ਜਸਟਿਸ ਐਸ ਰਵੇਂਦਰ ਭੱਟ ਦੇ ਬੈਂਚ ਨੇ ਚੋਣ ਕਮਿਸ਼ਨ ਨੂੰ ਹੁਕਮ ਦਿੱਤਾ ਕਿ ਉਹ ਦੇਸ਼ ਵਿੱਚ ਰਾਜਨੀਤੀ ਦੇ ਅਪਰਾਧੀਕਰਨ ਨੂੰ ਰੋਕਣ ਦਾ ਫਰੇਮ ਵਰਕ ਬਣਾ ਕੇ ਇੱਕ ਹਫਤੇ ਵਿੱਚ ਅਦਾਲਤ ਵਿੱਚ ਪੇਸ਼ ਕਰੇ। ਅਦਾਲਤ ਨੇ ਪਟੀਸ਼ਨਰ ਭਾਜਪਾ ਨੇਤਾ ਅਤੇ ਵਕੀਲ ਅਸ਼ਵਨੀ ਉਪਾਧਿਆਏ ਅਤੇ ਚੋਣ ਕਮਿਸ਼ਨ ਨੂੰ ਕਿਹਾ ਕਿ ਉਹ ਇਕੱਠੇ ਬੈਠ ਕੇ ਵਿਚਾਰ ਕਰਨ ਤੇ ਸੁਝਾਅ ਦੇਣ, ਜਿਸ ਨਾਲ ਰਾਜਨੀਤੀ ਵਿੱਚ ਅਪਰਾਧੀਕਰਨ 'ਤੇ ਰੋਕ ਲਾਉਣ ਵਿੱਚ ਮਦਦ ਮਿਲੇ। ਸਤੰਬਰ 2018 ਵਿੱਚ ਪੰਜ ਮੈਂਬਰੀ ਸੰਵਿਧਾਨ ਬੈਂਚ ਨੇ ਸਰਬ ਸੰਮਤੀ ਨਾਲ ਫੈਸਲਾ ਦਿੱਤਾ ਸੀ ਕਿ ਸਾਰੇ ਉਮੀਦਵਾਰਾਂ ਨੂੰ ਚੋਣ ਲੜਨ ਤੋਂ ਪਹਿਲਾਂ ਚੋਣ ਕਮਿਸ਼ਨ ਕੋਲ ਆਪਣੇ ਅਪਰਾਧਿਕ ਪਿਛੋਕੜ ਦਾ ਐਲਾਨ ਕਰਨਾ ਪਵੇਗਾ। ਉਮੀਦਵਾਰਾਂ ਦੇ ਪਿਛੋਕੜ ਬਾਰੇ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਵਿੱਚ ਵਿਆਪਕ ਪ੍ਰਚਾਰ ਲਈ ਵੀ ਕਿਹਾ ਗਿਆ ਸੀ।

# ਮਲੇਸ਼ੀਆ ਗਏ ਚਚੇਰੇ ਭਰਾ ਹਵਾਈ ਅੱਡੇ ਉੱਤੇ ਗ੍ਰਿਫ਼ਤਾਰ

ਮਾਛੀਵਾੜਾ, 26 ਜਨਵਰੀ (ਪੋਸਟ ਬਿਊਰੋ)- ਇੱਕ ਟਰੈਵਲ ਏਜੰਟ ਵੱਲੋਂ ਗ਼ਲਤ ਵੀਜ਼ੇ ਅਤੇ ਦਸਤਾਵੇਜ਼ਾਂ ਨਾਲ ਦੋ ਚੇਚਰੇ ਭਰਾਵਾਂ ਨੂੰ ਰੁਜ਼ਗਾਰ ਦੇ ਲਾਰੇ ਨਾਲ ਮਲੇਸ਼ੀਆ ਭੇਜਣ ਦਾ ਕੇਸ ਪਤਾ ਲੱਗਾ ਹੈ। ਇਨ੍ਹਾਂ ਦੋਵਾਂ ਭਰਾਵਾਂ ਨੂੰ ਮਲੇਸ਼ੀਆ ਹਵਾਈ ਅੱਡੇ 'ਤੇ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਪੰਜ ਦਿਨ ਹਿਰਾਸਤ 'ਚ ਰੱਖਿਆ। ਇਸ ਮਾਮਲੇ 'ਚ ਮਾਛੀਵਾੜਾ ਪੁਲਸ ਨੇ ਟਰੈਵਲ ਏਜੰਟ ਮਨਦੀਪ ਸਿੰਘ ਵਾਸੀ ਬੁੱ-ਲੇਵਾਲ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਮੰਗਤ ਰਾਮ ਵਾਸੀ ਮਾਛੀਵਾੜਾ ਖਾਮ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਲੜਕੇ ਸੁਰਿੰਦਰਪਾਲ ਅਤੇ ਭਤੀਜੇ ਸੰਦੀਪ ਕੁਮਾਰ ਨੇ ਟਰੈਵਲ ਏਜੰਟ ਮਨਦੀਪ ਸਿੰਘ ਨਾਲ ਅਗਸਤ 2018 'ਚ ਮਲੇਸ਼ੀਆ ਰੁਜ਼ਗਾਰ ਲਈ ਜਾਣ ਦੀ ਗੱਲ ਕੀਤੀ ਸੀ। ਮਨਦੀਪ ਸਿੰਘ ਨੇ ਵਿਸ਼ਵਾਸ ਦਿਵ-ਾਇਆ ਕਿ ਦੋਵਾਂ ਨੂੰ ਵਰਕ ਪਰਮਿਟ 'ਤੇ ਭੇਜੇਗਾ, ਜਿਸ ਲਈ ਉਸ ਨੂੰ ਦੋ ਲੱਖ 59 ਹਜ਼ਾਰ ਰੁਪਏ ਦਿੱਤੇ ਗਏ। 13 ਅਗਸਤ 2018 ਨੂੰ ਮਨਦੀਪ ਸਿੰਘ ਨੇ ਸੁਰਿੰਦਰਪਾਲ ਤੇ ਸੰਦੀਪ ਕੁਮਾਰ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੋਂ ਜਹਾਜ਼ ਰਾਹੀਂ ਕੁਆਲਾਲੰਪੁਰ ਭੇਜ ਦਿੱਤਾ। ਮਲੇਸ਼ੀਆ ਹਵਾਈ ਅੱਡੇ ਪੁੱਜਣ 'ਤੇ ਉਥੋਂ ਦੀ ਇਮੀਗ੍ਰੇਸ਼ਨ ਨੇ ਸੁਰਿੰਦਰਪਾਲ ਅਤੇ ਸੰਦੀਪ ਕੁਮਾਰ ਨੂੰ ਵੀਜ਼ਾ ਤੇ ਦਸਤਾਵੇਜ਼ ਸਹੀ ਨਾ ਹੋਣ ਕਾਰਨ ਗ੍ਰਿਫ਼ਤਾਰ ਕਰ ਲਿਆ ਅਤੇ ਪੰਜ ਦਿਨਹਿਰਾਸਤ 'ਚ ਰੱਖਿਆ।ਪੁਲਸ ਜਾਂਚ ਦੌਰਾਨ ਸਾਹ-ਮਣੇ ਆਇਆ ਕਿ ਮਨਦੀਪ ਸਿੰਘ ਰਜਿਸਟਰਡ ਟਰੈਵਲ ਏਜੰਟ ਨਹੀਂ ਤੇ ਉਸ ਨੇ ਦੋਵਾਂ ਨੂੰ ਵਰਕ ਪਰਮਿਟ ਦੀ ਥਾਂ ਟੂਰਿਸਟ ਵੀਜ਼ਾ ਲਾ ਕੇ ਮਲੇਸ਼ੀਆ ਭੇਜਿਆ ਅਤੇ ਧੋਖਾਧੜੀ ਕੀਤੀ ਹੈ।

# ਮਿਆਂਮਾਰ ਨੇ ਰਖਾਇਨ ਵਿੱਚ ਨਸਲਕੁਸ਼ੀ ਤੋਂ ਇਨਕਾਰ ਕੀਤਾ

ਯੰਗੂਨ, 26 ਜਨਵਰੀ (ਪੋਸਟ ਬਿਊਰੋ)- ਮਿਆਂਮਾਰ ਨੇ ਰਖਾਇਨ ਸੂਬੇ ਵਿੱਚ ਨਸਲਕੁਸ਼ੀ ਦੇ ਦੋਸ਼ ਤੋਂ ਇਨਕਾਰ ਕਰਦੇ ਹੋਏ ਕਿਹਾ ਹੈ ਕਿ ਕੁਝ ਮਨੁੱਖੀ ਅਧਿਕਾਰ ਵਰਕਰਾਂ ਨੇ ਗੜਬੜ ਵਾਲੇ ਖੇਤਰ ਦੀ ਭਿਆਨਕ ਤਸਵੀਰ ਪੇਸ਼ ਕੀਤੀ ਤੇ ਉਥੋਂ ਦੇ ਸਮੂਹਿਕ ਵਿਕਾਸ ਵਿੱਚ ਰੁਕਾਵਟ ਪੈਦਾ ਕੀਤੀ ਹੈ।

ਵਿਦੇਸ਼ ਮੰਤਰਾਲੇ ਨੇ ਵੀਰਵਾਰ ਰਾਤ ਇਹ ਬਿਆਨ ਸੰਸਾਰ ਅਦਾਲਤ (ਆਈ ਸੀ ਜੇ) ਦੇ ਉਸ ਫ਼ੈਸਲੇ ਪਿੱਛੋਂ ਜਾਰੀ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਰੋਹਿੰਗਿਆ ਮੁਸਲਮਾਨਾਂ ਦੇ ਖ਼ਿਲਾਫ਼ ਨਸਲਕੁਸ਼ੀ ਰੋਕਣ ਲਈ ਮਿਆਂਮਾਰ ਨੂੰ ਸਾਰੇ ਉਪਾਅ ਕਰਨੇ ਚਾਹੀਦੇ ਹਨ।ਮਿਆਂਮਾਰ ਨੇ ਕਿਹਾ ਕਿ ਉਸ ਲਈ ਇਹ ਅਹਿਮ ਹੈ ਕਿ ਅਦਾਲਤ ਕੇਸ ਦੇ ਗੁਣ-ਦੋਸ਼ ਦੇ ਆਧਾਰ 'ਤੇ ਸਹੀ ਸਿੱਟੇ 'ਤੇ ਪੁੱਜੇ। ਵਿਦੇਸ਼ ਮੰਤਰਾਲ ਦੇ ਬਿਆਨ ਵਿੱਚ ਇੰਡੀਪੈਂਡੈਂਟ ਕਮਿਸ਼ਨ ਆਫ ਇਨਕੁਆਰੀ (ਆਈ ਸੀ ਓ ਈ) ਦੇ ਸਿੱਟਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਕਿ ਰਖਾਇਨ ਵਿੱਚ ਕੋਈ ਨਸਲਕੁਸ਼ੀ ਨਹੀਂ ਹੋਈ। ਆਈ ਸੀ ਓ ਈ ਮੁਤਾਬਕ ਜੰਗੀ ਅਪਰਾਧ ਵਰਗੇ ਕੁਝ ਕੇਸ ਸਾਹ-ਮਣੇ ਆਏ ਹਨ ਅਤੇ ਅਜਿਹੇ ਲੋਕਾਂ 'ਤੇ ਮਿਆਂਮਾਰ ਦੀ ਨਿਆਂ ਪ੍ਰਣਾਲੀ ਹੇਠ ਮੁਕੱਦਮਾ ਚਲਾਇਆ ਜਾ ਰਿਹਾ ਹੈ। ਅਗਸਤ 2017 ਵਿੱਚ ਅਰਾਕਾਨ ਰੋਹਿੰਗਿਆ ਸਾਲਵੇਸ਼ਨ ਆਰਮੀ (ਏ ਆਰ ਐਸ ਏ) ਨੇ ਰਖਾਈਨ ਵਿੱਚ ਪੁਲਸ ਅਤੇ ਫ਼ੌਜੀ ਚੌਕੀਆਂ ਨੂੰ ਨਿਸ਼ਾਰਾ ਬਣਾ ਕੇ ਕਈ ਹਮਲੇ ਕੀਤੇ ਸਨ। ਇਸ ਪਿੱਛੋਂ ਮਿਆਂਮਾਰ ਦੀ ਫ਼ੌਜ ਨੇ ਵੱਡੀ ਕਾਰਵਾਈ ਕੀਤੀ ਸੀ। ਯੂ ਐਨ ਦੀ ਰਿਪੋਰਟ ਮੁਤਾਬਕ ਇਸ ਕਾਰਵਾਈ ਵਿੱਚ 10 ਹਜ਼ਾਰ ਲੋਕ ਮਾਰੇ ਗਏ ਅਤੇ ਸੱਤ ਲੱਖ ਤੋਂ ਜ਼ਿਆਦਾ ਰੋਹਿੰਗਿਆ ਨੂੰ ਭੱਜ ਕੇ ਬੰਗਲਾਦੇਸ਼ ਵਿੱਚ ਸ਼ਰਨ ਲੈਣੀ ਪਈ।

# ਮਿਸਰ ਦੀ 3000 ਸਾਲ ਪੁਰਾਣੀ ਮਮੀਬੋਲ ਉਠੀ



ਲੰਡਨ, 26 ਜਨਵਰੀ (ਪੋਸਟ ਬਿਊਰੋ)- ਖੋਜਕਰਤਾਵਾਂ ਨੇ ਥ੍ਰੀ-ਡੀ ਪ੍ਰਿੰਟਿੰਗ ਦੇ ਨਾਲ ਆਵਾਜ਼ ਪ੍ਰਣਾਲੀ ਵਿਕਸਿਤ ਕਰਕੇ ਤਿੰਨ ਹਜ਼ਾਰ ਸਾਲ ਪੁਰਾਣੀ ਮਿਸਰ ਦੀ ਇੱਕ ਮਮੀ ਨੂੰ ਆਵਾਜ਼ ਦਿੱਤੀ ਹੈ। ਮੰਨਿਆ ਜਾਂਦਾ ਹੈ ਕਿ ਆਪਣੇ ਤਰੀਕੇ ਦੀ ਇਸ ਪਹਿਲੀ ਖੋਜ ਦੇ ਨਾਲ ਪ੍ਰਾਚੀਨ ਮਨੁੱਖਾਂ ਦੀ ਆਵਾਜ਼ ਸੁਣਨ ਵਿੱਚ ਮਦਦ ਮਿਲ ਸਕਦੀ ਹੈ।

ਇਸ ਵਿਲੱਖਣ ਖੋਜ ਦੇ ਮਾਹਰਾਂ ਵਿੱਚ ਸ਼ਾਮਲ ਲੰਡਨ ਯੂਨੀਵਰਸਿਟੀ ਦੇ ਵਿਗਿਆਨਕਾਂ ਦੀ ਰਾਏ ਹੈ ਕਿ ਮਿਸਰ ਦੀ ਨੇਸਯਾਮੁਨ ਮਮੀ 1099 ਤੋਂ 1069 ਈਸਾ ਪੂਰਵ ਵੇਲੇ ਫੇਰਾਓ ਰਾਮਸੇਸ ਦੂਜੇ ਦੇ ਸਿਆਸੀ ਪੱਖੋਂ ਗੜਬੜ ਵਾਲੇ ਸ਼ਾਸਨ ਵੇਲੇਬਣੀ ਸੀ। ਸਾਇੰਟਿਫਿਕ ਰਿਪੋਰਟ ਜਰਨਲ ਵਿੱਛਪੀ ਖੋਜ ਮੁਤਾਬਕ ਨੇਸਯਾਮੁਨ ਮਿਸਰ ਦੇ ਵਿਸ਼ਵ ਵਿਰਾਸਤ ਸਥਾਨ ਥੇਬਸ ਦੇ ਮੰਦਰਾਂ ਵਿੱਚ ਪੁਰੋਹਿਤ ਅਤੇ ਮੁਨਸ਼ੀ ਵਜੋਂ ਕੰਮ ਕਰਦੇ ਸਨ। ਇਨ੍ਹਾਂ ਮੰਦਰਾਂ ਦੇ ਖੰਡਰ ਮਿਸਰ ਦੇ ਆਧੁਨਿਕ ਸ਼ਹਿਰ ਲਕਸਰ ਵਿੱਚ ਦੇਖੇ ਜਾ ਸਕਦੇ ਹਨ। ਨੇਸਯਾਮੁਨ ਵੱਲੋਂ ਕਰਾਏ ਜਾਂਦੇ ਭੰਡਾਰਿਆਂ ਵਿੱਚ ਉਨ੍ਹਾਂ ਦੀ ਆਵਾਜ਼ ਦਾ ਖ਼ਾਸ ਮਹੱਤਵ ਸੀ। ਵਿਗਿਆਨਕਾਂ ਨੇ ਨੇਸਯਾਮੁਨ ਦੇ ਮੂੰਹ ਤੇ ਗਲੇ ਦੇ ਵਿਸਥਾਰਤ ਵਿਸ਼ਲੇਸ਼ਣ ਲਈ ਕੰਪਿਊਟਿਡ ਟੋਮੋਗ੍ਰਾਫੀ ਸਕੈਨ ਨਾਮਕ ਐਕਸਰੇ ਡਿਵਾਈਸ ਵਰਤੀ ਸੀ। ਇਸ ਦੇ ਬਾਅਦ ਥ੍ਰੀ-ਡੀ ਪ੍ਰਿੰਟਿੰਗ ਦੀ ਵਰਤੋਂ ਕਰ ਕੇ ਮਮੀ ਦੇ ਵਾਇਸ ਬਾਕਸ ਜਾਂ ਆਵਾਜ਼ ਯੰਤਰ ਨੂੰ ਫਿਰ ਬਣਾਇਆ ਗਿਆ। ਅਧਿਐਨ ਦੇ ਮੁਤਾਬਕ ਜਦੋਂ ਖੋਜਕਰਤਾਵਾਂ ਨੇ ਥ੍ਰੀ-ਡੀ ਪ੍ਰਿੰਟਿੰਗ ਸੈਟਅਪ ਦੀ ਵਰਤੋਂ ਆਰਟੀਫਿਸ਼ੀਆਲ ਆਵਾਜ਼ ਯੰਤਰ ਦੇ ਨਾਲ ਕੀਤੀ ਤਾਂ ਉਹ ਇੱਕ ਹੀ ਧੁਨੀ ਨੂੰ ਦੁਹਰਾ ਸਕਦੇ ਸਨ।

# ਰੇਲ ਟਰੈਕ ਰੋਕਣ ਉੱਤੇ ਭਾਜਪਾ ਨੇਤਾਵਾਂ ਸਮੇਤ 200 'ਤੇ ਕੇਸ



ਸੰਗਰੂਰ, 26 ਜਨਵਰੀ (ਪੋਸਟ ਬਿਊਰੋ)- ਰੇਲਵੇ ਟਰੈਕ 'ਤੇ ਧਰਨਾ ਦੇ ਕੇ ਰੇਲਵੇ ਆਵਾਜਾਈ ਪ੍ਰਭਾਵਿਤ ਕਰਨ ਦੇ ਦੋਸ਼ ਵਿੱਚ ਰੇਲਵੇ ਪੁਲਸ ਨੇ ਭਾਜਪਾ ਦੇ ਪੰਜ ਨੇਤਾਵਾਂ ਸਮੇਤ ਸੈਂਕੜਾਂ ਲੋਕਾਂ ਉੱਤੇ ਕੇਸ ਦਰਜ ਕੀਤਾ ਹੈ।

ਇਸ ਸੰਬੰਧ ਵਿੱਚ ਰੇਲਵੇ ਪੁਲਸ ਚੌਕੀ ਦੇ ਇੰਚਾਰਜ ਰਮੇਸ਼ ਕੁਮਾਰ ਨੇ ਦੱਸਿਆ ਕਿ ਰੇਲਵੇ ਨੂੰ ਦੱਸੇ ਬਿਨਾਂ ਭਾਜਪਾ ਦੇ ਕੌਮੀ ਕਾਰਜਕਾਰਨੀ ਮੈਂਬਰ ਪ੍ਰੇਮ ਗੁਗਨਾਨੀ, ਸੁਰਜੀਤ ਸਿੰਘ ਆਨੰਦ, ਹੰਗੀ ਖ਼ਾਨ, ਅਸ਼ੋਕ ਕੁਮਾਰ ਤੇ ਪ੍ਰਦੀਪ ਕੁਮਾਰ ਦੀ ਅਗਵਾਈ ਵਿੱਚ ਲੋਕਾਂ ਨੇ ਇੱਕ ਨੌਜਵਾਨ ਦੀ ਲਾਸ਼ ਰੇਲਵੇ ਟਰੈਕ 'ਤੇ ਰੱਖ ਕੇ ਧਰਨਾ ਦਿੱਤਾ ਸੀ। ਇਸ ਨਾਲ ਸੁਨਾਮ ਤੋਂ ਚੱਲਣ ਵਾਲੀਆਂ ਦੋ ਟਰੈਨਾਂ ਨੂੰ ਛਾਜਲੀ ਤੇ ਸੰਗਰੂਰ ਰੇਲਵੇ ਸਟੇਸ਼ਨ 'ਤੇ ਕਾਫ਼ੀ ਦੇਰ ਰੋਕਣਾ ਪਿਆ ਤੇ ਰੇਲਵੇ ਨੂੰ ਕਾਫ਼ੀ ਨੁਕਸਾਨ ਹੋਇਆ। ਇਸ ਦੇ ਨਾਲ ਯਾਤਰੀਆਂ ਅਤੇ ਆਮ ਲੋਕਾਂ ਨੂੰ ਕਾਫ਼ੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ।ਪੁਲਸ ਨੇ ਭਾਜਪਾ ਨੇਤਾ ਪ੍ਰੇਮ ਗੁਗਨਾਨੀ, ਸੁਰਜੀਤ ਸਿੰਘ ਆਨੰਦ, ਹੰਗੀ ਖ਼ਾਨ, ਅਸ਼ੋਕ ਕੁਮਾਰ ਸ਼ੋਕੀ ਤੇ ਪ੍ਰਦੀਪ ਕੁਮਾਰ ਸਮੇਤ 200 ਅਣਜਾਣ ਵਿਅਕਤੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਵਰਨਣ ਯੋਗ ਹੈ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਰੇਲਵੇ ਸਕੂਟਰ-ਸਾਈਕਲ ਸਟੈਂਡ ਦੇ ਠੇਕੇਦਾਰ ਵਿਸ਼ਾਲ ਕੁਮਾਰ ਸ਼ੈਂਟੀ ਦੀ ਕਿਰਚ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਤੋਂ ਭੜਕੇ ਲੋਕਾਂ ਅਤੇ ਪਰਵਾਰ ਨੇ ਮ੍ਰਿਤਕ ਦੀ ਲਾਸ਼ ਰੇਲਵੇ ਟਰੈਕ 'ਤੇ ਰੱਖ ਕੇ ਪ੍ਰਦਰਸ਼ਨ ਕੀਤਾ ਸੀ।

# ਚੁੰਨੀ ਲਾਲ ਗਾਬਾ ਨੇ ਸੀ ਬੀ ਆਈ ਅਦਾਲਤ ਵਿੱਚ ਕੀਤਾ ਆਤਮ ਸਮਰਪਣ



ਐਸ ਏ ਐਸ ਨਗਰ, 26 ਜਨਵਰੀ (ਪੋਸਟ ਬਿਊਰੋ)- ਭੋਲਾ ਡਰੱਗਜ਼ ਕੇਸ ਵਿੱਚ ਇਨਫਰੋਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਮਨੀ ਲਾਂਡਰਿੰਗ ਦੇ ਦੋਸ਼ 'ਚ ਨਾਮਜ਼ਦ ਚੂਨੀ ਲਾਲ ਗਾਬਾ ਨੇ ਸੀ ਬੀ ਆਈ ਦੀ ਅਦਾਲਤ 'ਚ ਆਤਮ-ਸਮਰਪਣ ਕਰ ਦਿੱਤਾ ਹੈ। ਅਦਾਲਤ ਨੇਉਸ ਨੂੰ 14 ਫਰਵਰੀ ਤੱਕ ਪਟਿਆਲਾ ਜੇਲ੍ਹ ਭੇਜ ਦਿੱਤਾ ਹੈ।

ਇਸ ਸੰਬੰਧ ਵਿੱਚ ਚੂਨੀ ਲਾਲ ਗਾਬਾ ਦੇ ਵਕੀਲ ਨੇ ਜ਼ਮਾਨਤ ਦੀ ਅਰਜ਼ੀ ਪੇਸ਼ ਕੀਤੀ ਹੈ, ਜਿਸ ਵਿੱਚ ਦੱਸਿਆ ਹੈ ਕਿ ਇਸੇ ਅਦਾਲਤ ਨੇ ਫਰਵਰੀ 2019 ਵਿੱਚ ਪੁਲਸ ਵੱਲੋਂ ਦਰਜ ਐਨ ਡੀ ਪੀ ਐਸ ਐਕਟ ਦੇ ਮਾਮਲੇ 'ਚ ਚੁੰਨੀ ਲਾਲ ਗਾਬਾ ਨੂੰ ਬਰੀ ਕੀਤਾ ਸੀ। ਚੂਨੀ ਲਾਲ ਗਾਬਾ ਚੱਲ-ਫਿਰ ਨਾ ਸਕਣ ਕਾਰਨ ਵ੍ਹੀਲਚੇਅਰ 'ਤੇ ਰਹਿੰਦੇ ਹਨ ਅਤੇ ਉਹ ਭਵਿੱਖ 'ਚ ਅਦਾਲਤੀ ਪੇਸ਼ੀ 'ਤੇ ਹਾਜ਼ਰ ਰਹਿਣਗੇ। ਅਦਾਲਤ ਨੇਚੂਨੀ ਲਾਲ ਗਾਬਾ ਦੀ ਜ਼ਮਾਨਤ ਦੀ ਅਰਜ਼ੀ ਉੱਤੇ ਈ ਡੀ ਨੂੰ ਸੱਤ ਫਰਵਰੀ ਲਈ ਨੋਟਿਸ ਜਾਰੀ ਕੀਤਾ ਹੈ। ਪਹਿਲਾਂ ਅਦਾਲਤ ਨੇਚੂਨੀ ਲਾਲ ਗਾਬਾ ਨੂੰ ਪੇਸ਼ੀ ਉੱਤੇ ਨਾ ਆਉਣ ਕਾਰਨ ਸੰਮਨ ਜਾਰੀ ਕੀਤੇ ਸਨ। ਪਤਾ ਲੱਗਾ ਹੈ ਕਿ ਇਸ ਕੇਸ 'ਚ ਚੁੰਨੀ ਲਾਲ ਗਾਬਾ ਦੇ ਖ਼ਿਲਾਫ਼ ਦੋਸ਼ ਤੈਅ ਹੋਣੇ ਹਨ, ਪ੍ਰੰਤੂ ਉਸ ਦੇ ਗ਼ੈਰ ਹਾਜ਼ਰ ਰਹਿਣ ਕਾਰਨ ਅਦਾਲਤੀ ਕਾਰਵਾਈ ਅੱਗੇ ਨਹੀਂ ਸੀ ਵੱਧ ਰਹੀ।

ਵਰਨਣ ਯੋਗ ਹੈ ਕਿ ਈ ਡੀ ਨੇ ਦੋ ਸਾਬਕਾ ਮੰਤਰੀਆਂ ਸਣੇ 12 ਮੁਲਜ਼ਮਾਂ ਅਤੇ ਉਨ੍ਹਾਂ ਦੀਆਂ ਵੱਖ-ਵੱਖ ਫਰਮਾਂ ਦੇ ਖ਼ਿਲਾਫ਼ ਸੀ ਬੀ ਆਈ ਵਿਸ਼ੇਸ਼ ਅਦਾਲਤ 'ਚ ਚਲਾਨ ਪੇਸ਼ ਕੀਤਾ ਸੀ। ਇਸ ਚਲਾਨ ਵਿੱਚ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ, ਸਾਬਕਾ ਮੰਤਰੀ ਅਵਿਨਾਸ਼ ਚੰਦਰ, ਸਰਵਣ ਸਿੰਘ ਫਿਲੌਰ ਦੇ ਲੜਕੇ ਦਮਨਵੀਰ ਸਿੰਘ ਫਿਲੌਰ, ਜਗਜੀਤ ਸਿੰਘ ਚਾਹਲ ਅਤੇ ਉਸ ਦੀ ਪਤਨੀ ਇੰਦਰਜੀਤ ਕੌਰ, ਪਰਮਜੀਤ ਸਿੰਘ ਚਾਹਲ, ਦਵਿੰਦਰ ਕਾਂਤ ਸ਼ਰਮਾ, ਜਸਵਿੰਦਰ ਸਿੰਘ, ਸਚਿਨ ਸਰਦਾਨਾ, ਸੁਸ਼ੀਲ ਕੁਮਾਰ ਸਰਦਾਨਾ, ਕੈਲਾਸ਼ ਸਰਦਾਨਾ, ਰਸ਼ਮੀ ਸਰਦਾਨਾ, ਚੂਨੀ ਲਾਲ ਗਾਬਾ, ਗੁਰਮੇਸ਼ ਗਾਬਾ ਤੇ ਚਾਹਲ ਦੀਆਂ ਕਈ ਕੰਪਨੀਆਂ ਸ਼ਾਮਲ ਹਨ।

# ਕੈਪਟਨ ਦੀ ਫਿਟਕਾਰ 'ਤੇ ਬ੍ਰਿਟਿਸ਼ ਐਕਟਰ ਨੇ 'ਭੁੱਲ ਸੁਧਾਰੀ'



ਚੰਡੀਗੜ੍ਹ, 26 ਜਨਵਰੀ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੇ ਸੰਸਾਰ ਜੰਗ ਉੱਤੇ ਬਣੀ ਹਾਲੀਵੁੱਡ ਫਿਲਮ '1971' ਵਿੱਚ ਬ੍ਰਿਟਿਸ਼ ਫੌਜ ਵਿੱਚ ਸਿੱਖ ਸਿਪਾਹੀ ਦੀ ਮੌਜੂਦਗੀ ਉੱਤੇ ਐਕਟਰ ਲਾਰੈਂਸ ਫਾਕਸ ਦੇ ਇਤਰਾਜ਼ ਨੂੰ ਬਕਵਾਸ ਦੱਸਿਆ ਹੈ। ਉਨ੍ਹਾਂ ਕਿਹਾ ਕਿ ਫਾਕਸ ਨੂੰ ਟਿਪਣੀ ਕਰਨ ਤੋਂ ਪਹਿਲਾ ਫੌਜੀ ਇਤਿਹਾਸ ਬਾਰੇ ਸਮਝ ਪੱਕੀ ਪੁਖਤਾ ਕਰਨੀ ਚਾਹੀਦੀ ਹੈ। ਫਾਕਸ ਨੇ ਕੈਪਟਨ ਅਮਰਿੰਦਰ ਸਿੰਘ ਦੀ ਇਸ ਤਰ੍ਹਾਂ ਦੀ ਬਹੁਤ ਤਿਖੀ ਪ੍ਰਕੀਕਿਰਿਆ ਦੇ ਬਾਅਦ ਸਿੱਖ ਭਾਈਚਾਰੇ ਤੋਂ ਮਾਫ਼ੀ ਮੰਗ ਲਈ ਹੈ।

ਫਾਕਸ ਨੇ ਬੀਤੇ ਦਿਨੀ ਆਸਕਰ ਅਵਾਰਡ ਲਈ ਭੇਜੀ ਗਈ ਫਿਲਮ '1971' ਵਿੱਚ ਬ੍ਰਿਟਿਸ਼ ਫੌਜ ਵਿੱਚ ਸਿੱਖ ਸਿਪਾਹੀ ਦਾ ਦ੍ਰਿਸ਼ ਦਿਖਾਉਣ 'ਤੇ ਇਤਰਾਜ਼ ਕੀਤਾ ਸੀ। ਇਸ ਉਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਫਾਕਸ ਇੱਕ ਅਦਾਕਾਰ ਹੈ। ਉਸ ਨੂੰ ਫੌਜੀ ਇਤਿਹਾਸ ਦਾ ਕਿੰਨਾ ਪਤਾ ਹੈ? ਭਾਰਤੀ ਫੌਜੀ ਦਲ ਸਾਲ 1914 ਵਿੱਚ ਯੂਰੋਪ ਪਹੁੰਚ ਗਏ ਤੇ ਉਥੇ ਵੱਡਾ ਫੌਜੀ ਸੰਕਟ ਟਾਲਣ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਰਹੀ ਸੀ। ਓਦੋਂ ਭਾਰਤ ਵਿੱਚੋਂ ਦੋ ਫੌਜੀ ਟੀਮਾਂ ਨੂੰ ਯੂਰਪ ਭੇਜਿਆ ਗਿਆ ਸੀ, ਜਿਨ੍ਹਾਂ ਵਿੱਚ ਤੀਸਰੀ ਲਾਹੌਰ ਡਿਵੀਜਨ ਅਤੇ ਸੱਤਵੀਂ ਮੇਰਠ ਡਿਵੀਜਨ ਸ਼ਾਮਲ ਸੀ।

ਭਾਰਤੀ ਫੌਜ ਦਾ ਕੈਪਟਨ ਰਹਿ ਚੁੱਕੇ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਵਾਲੀ ਰੈਜੀਮੈਂਟ ਜਲੰਧਰ ਬ੍ਰਿਗੇਡ ਦਾ ਹਿੱਸਾ ਸੀ, ਜਿਸ ਵਿੱਚ 129ਵੀਂ ਬਲੂਚ ਅਤੇ 47 ਸਿੱਖ ਅਤੇ 15 ਸਿੱਖ ਰੇਜੀਮੈਂਟ ਸ਼ਾਮਲ ਸਨ। ਪਹਿਲੇ ਸੰਸਾਰ ਜੰਗ ਦੇ ਵਕਤ ਉੱਤਰ ਵਿੱਚ ਭਾਰਤੀ ਫੌਜ ਜਰਮਨੀ ਤੱਕ ਦੇ ਸਾਹਮਣੇ ਸੀ। ਭਾਰਤੀ ਫੌਜੀਆਂ ਨੇ ਬ੍ਰਿਟਿਸ਼ ਫੌਜ ਨਾਲ ਮਿਲ ਕੇ ਜੰਗ ਲੜੀ ਅਤੇ ਵਾਈਪ੍ਰਸ ਲਾਈਨ ਤੱਕ ਫੌਜੀ ਕਾਰਵਾਈ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਬ੍ਰਿਟਿਸ਼ ਐਕਟਰ ਲਾਰੈਂਸ ਫਾਕਸ ਨੇ ਇਸ ਤਿਖੀ ਪ੍ਰਤੀਕਿਰਿਆ ਦੇ ਬਾਅਦ ਇਸ ਟਿਪਣੀ ਲਈ ਸਿੱਖ ਭਾਈਚਾਰੇ ਤੋਂ ਮਾਫ਼ੀ ਮੰਗੀ ਹੈ। ਉਨ੍ਹਾਂ ਨੇ ਆਪਣੇ ਸੰਦੇਸ਼ ਵਿੱਚ ਲਿਖਿਆ ਕਿ ਉਹ ਫਿਲਮ ਦੇ ਸੰਬੰਧ ਵਿੱਚ ਕੀਤੀ ਗਲਤ ਟਿਪਣੀ ਲਈ ਸਿੱਖ ਭਾਈਚਾਰੇ ਤੋਂ ਮਾਫ਼ੀ ਮੰਗਦੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty ▪ We Help to get mortgage
Free valuation & Lowest Commission ▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ


ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE TENS
CANADIAN RED CROSS Training Partner


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।



VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।



Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090




# Matrimonial
## ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖਿਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ


www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
(Independently Owned and Operated)
Off: 905-456-3232
Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!
Top 1% Ranked in Broker
Call For a Quick & Free Home Evaluation
www.BramptonQuickHomeEvaluation.com
Urgently Need New Listing in Brampton/ GTA Call Jag Today To Sell Your Property For Top $$$ & Accurate Price
CALEDON
ਸੇਂਟ ਐਂਡਰੀਊ/Hwy 9/ਬੀਚਗਰੂਵ
2.58 ਏਕੜ ਤੇ ਬਣਿਆ ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 4 ਵਾਸ਼ਰੂਮ ਦਾ ਘਰ, 3 ਕਾਰ ਗਰਾਜ ਤੇ 11 ਕਾਰ ਪਾਰਕਿੰਗ, ਬਹੁਤ ਸਾਰੀਆਂ ਅਪਗ੍ਰੇਡਜ਼, ਬਹੁਤ ਹੀ ਸੋਹਣੀ ਲੈਂਡਸਕੇਪਿੰਗ ਦੇ ਨਾਲ "L" ਅਕਾਰ ਦੀ ਗਰਾਊਂਡ ਹੀਟੇਡ ਪੂਲ ਹੈ। ਫਿਨੀਸ਼ਡ ਬੇਸਮੈਂਟ। ਅਪਗ੍ਰੇਡਡ ਕਿਚਨ,ਗਰੇਨਾਈਟ ਕਾਊਨਟਰ ਟਾਪ ਆਦਿ
BRAMPTON
ਚਿੰਗਕੂਜ਼ੀ/ਡੁਫੀਲਡ/ਇਡਨਬ
ਚਿੰਗਕੂਜ਼ੀ ਦੇ ਏਰੀਏ ਵਿੱਚ 4+1 ਬੈਡਰੂਮ ਡੈਨ, 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ ਨੂੰ ਫਿਨੀਸ਼ਡ ਬੈਸਮੈਂਟ ਜਿਸ ਨੂੰ ਕਿ ਸੇਪਰੇਟ ਏਂਟਰੈਂਸ। ਹਾਰਡਵੂਡ ਫਲੋਰ, ਇਟ ਇਨ ਕਿਚਨ, ਸਟੇਨਲੈਸ ਸਟੀਲ ਅਪਲਾਈਨਸੈਸ, ਗਰੇਨਾਇਟ ਕਾਉਂਟਰ ਟਾਪ, ਮਾਸਟਰ ਬੈਡਰੂਮ ਨੂੰ 4 ਪੀਸ ਇੰਨ-ਸੂਟ, ਆਦਿ
WOODBRIDGE
ਟੇਸਟਨ ਰੋਡ/ ਹਾਈਵੇ 400/ਵੇਸਟਨ
ਬਹੁਤ ਹੀ ਸੋਹਣਾ 4 ਬੈਡਰੂਮ +4 ਵਾਸ਼ਰੂਮ ਦਾ ਡੀਟੈਚਡ ਘਰ, ਮੇਨ ਫਲੋਰ 9 ਫੀਟ ਸਿਲਿੰਗ, ਡਬਲ ਡੋਰ ਏਨਟਰੀ, ਦੂਜੇ ਫਲੋਰ ਤੇ ਨਵੀਂ ਲੈਮੀਨੇਟ ਫਲੋਰ ਅਤੇ ਮੇਨ ਫਲੋਰ ਤੇ ਹਾਰਡਵੂਡ। ਓਕ ਸਟੇਅਰਕੇਸ। ਸੋਹਣੀ ਈਟ ਈਨ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ, ਮਾਸਟਰ ਬੈਡਰੂਮ 5 ਪੀਸ ਈਨਸੂਟ।
BRAMPTON
ਵੇਨਲੈਸ / ਵੇਨ-ਕ੍ਰਿਕ
SOLD AT 98% OF ASKING PRICE
NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ


Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com


NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS
CRUISES
VACATIONS
TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA
PIA
ETIHAD
KLM
SWISS
BRITISH AIRWAYS
JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
ticoca
IATA
Call Us For Guaranteed Lowest Airfare
ANY Airline Time Destination Around the World
transat Holidays
sunwing
AIR CANADA VACATIONS
WESTJET vacations
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com


Carte WEALTH MANAGEMENT INC.
KANG TAX & FINANCIAL SERVICES
Personal and Corporate Tax Filings**
RDSP, RESP, RRSP, TFSA Plans*
Life, Critical, Disability, Visitor Insurance***
FREE Tax Filing For New Immigrants
416-271-4877
Sukhwinder Kang
(M.Sc. CFP)
Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
e-mail:sukhwinder.kang@cartewm.com
* Mutual funds provided by Carte Wealth Management Inc.
** Tax planning and filings provided by Kang Tax & Financial Services
***Insurance sold through Carte Risk Management Inc., Financial Horizon and Axxel Insurance.


New City Pizza & Kamal Sandhu Real Estate Present
BHANGRA
ਭੰਗੜਾ
FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week
50 Lacoste Blvd, Unit-112 Brampton, ON L6P 3Z8


REXDALE BODY SHOP
USED CAR SALE
Specialization In:
All Kinds of Body Work
Auto Glass Windshield
Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


IFS
INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystems.com
Call: 416-452-0677